ੴ ਸਤਿਗੁਰ ਪ੍ਰਸਾਦਿ ॥

ਪਾ: ੧੦ ॥
ਕਬਿਯੋ ਬਾਚ ਬੇਨਤੀ ॥ ਚੌਪਈ॥

(ਭਾਗ ਪਹਿਲਾ) ਮੂਲ ਪਾਠ ਤੇ ਵਿਆਖਿਆ (ਭਾਗ ਦੂਜਾ) ਵਿਚਾਰ ਦਰਸ਼ਨ

ਲੇਖਕ

ਡਾ. ਗੁਰਚਰਨ ਸਿੰਘ ਸਹਾਰਨਪੁਰ

ਦਸ਼ਮੇਸ਼ ਪ੍ਰਚਾਰ ਸਭਾ, ਸਹਾਰਨਪੁਰ ਦੀ ਨੌਵੀਂ ਭੇਂਟ

ਦਸ਼ਮੇਸ਼ ਪ੍ਰਚਾਰ ਸਭਾ

224-ਨਿਯੂ ਆਵਾਸ ਵਿਕਾਸ, ਦਿੱਲੀ ਰੋਡ,

ਸਹਾਰਨਪੁਰ - 247 001 (ਯੂ.ਪੀ.)

ਭੇਟਾ ਰਹਿਤ

ੴ ਸਤਿਗੁਰ ਪ੍ਰਸਾਦਿ ॥

ਪਾ: ੧੦ ॥
ਕਬਿਯੋ ਬਾਚ ਬੇਨਤੀ ॥ ਚੌਪਈ॥

(ਭਾਗ ਪਹਿਲਾ) ਮੂਲ ਪਾਠ ਤੇ ਵਿਆਖਿਆ (ਭਾਗ ਦੂਜਾ) ਵਿਚਾਰ ਦਰਸ਼ਨ

ਲੇਖਕ
ਡਾ. ਗੁਰਚਰਨ ਸਿੰਘ ਸਹਾਰਨਪੁਰ

ਦਸ਼ਮੇਸ਼ ਪ੍ਰਚਾਰ ਸਭਾ, ਸਹਾਰਨਪੁਰ ਦੀ ਨੌਵੀਂ ਭੇਂਟ

ਦਸ਼ਮੇਸ਼ ਪ੍ਰਚਾਰ ਸਭਾ
224-ਨਿਊ ਆਵਾਸ ਵਿਕਾਸ, ਦਿੱਲੀ ਰੋਡ,
ਸਹਾਰਨਪੁਰ - 247 001 (ਯੂ.ਪੀ.)

ਭੇਟਾ ਰਹਿਤ

ਇਸ ਕੰਮ ਦੀ ਛਪਾਈ ਦੀ ਸੇਵਾ ਹੇਠ ਲਿਖੇ ਸਜਣਾਂ ਵੱਲੋਂ ਕਰਵਾਈ ਗਈ ਹੈ:

1) ਸ. ਬਹਾਦੁਰ ਸਿੰਘ ਜੀ ਚਾਵਲਾ, 7, ਨਿਊ ਸੁਭਾਸ਼ ਨਗਰ, ਸਹਾਰਨਪੁਰ
   ਫੋਨ : 2643217 (ਦੁਕਾਨ), 2643129 (ਘਰ)
2) ਗਿਆਨੀ ਮਹਾਂ ਸਿੰਘ ਜੀ, ਅੰਬਾਲਾ ਰੋਡ, ਸਹਾਰਨਪੁਰ
   ਫੋਨ : 2645856
3) ਸ. ਅਮਰਜੀਤ ਸਿੰਘ ਜੀ, ਅਮਰ ਮੇਡੀਕਲ ਹਾੱਲ, ਸਹਾਰਨਪੁਰ
   ਫੋਨ : 2643736
4) ਸ. ਹਰਭੰਜਨ ਸਿੰਘ ਜੀ ਚਾਵਲਾ, 1/358, ਸੁਭਾਸ਼ ਨਗਰ, ਸਹਾਰਨਪੁਰ
   ਫੋਨ : 2640327
5) ਸ. ਪ੍ਰਕਾਸ਼ ਸਿੰਘ ਜੀ, 'ਪ੍ਰਕਾਸ਼ ਸਿੰਘ ਐਂਡ ਸੰਸ', ਅੰਬਾਲਾ ਰੋਡ, ਸਹਾਰਨਪੁਰ ਫੋਨ : 2646796, 2645886

ਪਹਿਲੀ ਛਾਪ ਜੂਨ, 2004 1000 ਕਾਪੀਆਂ

ਪ੍ਰਕਾਸ਼ਕ
ਦਸ਼ਮੇਸ਼ ਪ੍ਰਚਾਰ ਸਭਾ, ਸਹਾਰਨਪੁਰ

Modern Graphics, Patel Nagar, SRE. (✆: 2641814, 9837385607) ਤੋਂ ਕੰਪਯੂਟਰ ਟਾਈਪ ਸੈਟਿੰਗ ਕਰਵਾ ਕੇ ਆਈ.ਐਸ.ਬੀ.ਪ੍ਰਿੰਟਰ, ਸਹਾਰਨਪੁਰ ਤੋਂ ਛਪਵਾਈ ਗਈ।

ਭੂਮਿਕਾ

'ਪਾ: ੧੦॥ ਕਬਿਯੋ ਬਾਚ ਬੇਨਤੀ ॥ਚੌਪਈ॥' ਬਾਣੀ ਦਾ ਗੁਰਸਿੱਖੀ ਜੀਵਨ ਵਿੱਚ ਖਾਸ ਮਹੱਤਵ ਹੈ, ਕਿਉਂਕਿ ਇਹ ਬਾਣੀ ਨਿਤਨੇਮ ਦੀ ਬਾਣੀ ਰਹਿਰਾਸ ਸਾਹਿਬ ਦਾ ਅੰਗ ਹੈ ਅਤੇ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਵੇਲੇ ਵੀ ਜਿਨ੍ਹਾਂ ਪੰਜ ਅੰਮ੍ਰਿਤ ਬਾਣੀਆਂ ਦਾ ਪਾਠ ਕੀਤਾ ਜਾਂਦਾ ਹੈ, ਉਨ੍ਹਾਂ ਵਿੱਚ ਵੀ ਸ਼ਾਮਲ ਹੈ।

ਇਹ ਬਾਣੀ 'ਦਸਮ ਗ੍ਰੰਥ' ਵਿੱਚ ਸ਼ਾਮਲ 'ਚਰਿਤ੍ਰੋਪਖਯਾਨ' ਦੇ ਅੰਤਲੇ ਚਰਿਤ੍ਰ 'ਸਬੁਧਿ ਬਾਚ ॥ਚੌਪਈ॥' ਵਿੱਚ ਛੰਦ ੩੭੭ ਤੋਂ ਲੈ ਕੇ ਛੰਦ ੪੦੧ ਤੱਕ ਅੰਕਿਤ ਹੈ।

ਸਿੱਖ ਪਰੰਪਰਾ ਇਹ ਮੰਨਦੀ ਆਈ ਹੈ ਕਿ ਅਰਦਾਸ ਬੇਨਤੀ ਰੂਪ 'ਬੇਨਤੀ ਚੌਪਈ' ਦਾ ਇਕ ਚਿਤ ਹੋ ਕੇ ਪਾਠ ਕਰਨ ਨਾਲ ਤਾਪ, ਪਾਪ, ਸੰਤਾਪ ਸਾਰੇ ਦੂਰ ਹੁੰਦੇ ਹਨ ਤੇ ਵਿਘਨਾਂ, ਦੁਸ਼ਟਾਂ, ਦੁਖਾਂ ਤੇ ਸੰਸਾਰਕ ਮਾਯੂਸੀਆਂ ਤੋਂ ਨਿਜਾਤ ਹਾਸਿਲ ਹੁੰਦੀ ਹੈ। ਇਸ ਬਾਣੀ ਦੇ ਪਾਠ ਨਾਲ ਸੁਖ ਘਰ ਆ ਵਸਦਾ ਹੈ, ਕਲਹ ਕਲੇਸ਼ ਤੇ ਸੰਕਟ ਦੂਰ ਹੁੰਦੇ ਹਨ ਅਤੇ ਉਤਸ਼ਾਹ ਤੇ ਚੜ੍ਹਦੀਆਂ ਕਲਾ ਵਾਲੇ ਜੀਵਨ ਦੀ ਬਖਸ਼ਿਸ਼ ਹੁੰਦੀ ਹੈ।

ਸਿੱਖ ਲਹਿਰ ਦੇ ਸੰਚਾਲਕ ਗੁਰੂ ਨਾਨਕ ਦੇਵ ਜੀ ਅਤੇ ਹੋਰ ਨਾਨਕ ਜੋਤਿ ਦੇ ਗੁਰੂ ਰੂਪਾਂ ਨੇ ਮਨੁਖਤਾ ਅਤੇ ਭਾਰਤੀਆਂ ਨੂੰ ਇਕ ਪਰਮਾਤਮਾ ਦਾ ਵਿਸ਼ਵਾਸ਼ ਦ੍ਰਿੜ੍ਹ ਕਰਾਕੇ ਨਾਮ ਭਗਤੀ ਦੇ ਲੜ ਲਾਇਆ ਅਤੇ ਇਸ ਨਾਮ ਭਗਤੀ ਨੂੰ ਅਜਿਹਾ ਬਣਾਇਆ, ਜੋ ਮਨੁਖ ਨੂੰ ਗੈਰਤ, ਸਤਿਕਾਰ ਦਾ ਜੀਵਨ ਦੇਵੇ ਅਤੇ ਮੁਕਤੀ ਵੀ ਦੇਵੇ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮਕਾਲੀ ਜੀਵਨ ਦਾ ਦਰਪਣ ਇਹ ਦਰਸਾਇਆ ਕਿ ਉਸ ਵੇਲੇ ਖਤਰੀ ਦੇਸ਼ ਧਰਮ ਦੀ ਰਖਿਆ ਨਹੀਂ ਸਨ ਕਰ ਰਹੇ, ਲੋਕਾਂ ਵਿੱਚ ਆਪਣੇ ਧਰਮ ਦਾ ਮਾਣ ਅਤੇ ਸੁਤੰਤਰ ਪੂਜਾ ਦਾ ਸਾਹਸ ਨਹੀਂ ਸੀ। ਮੁਸਲਮਾਨੀ ਹਾਕਮਾਂ ਨੂੰ ਖੁਸ਼ ਕਰਨ ਲਈ ਉਨ੍ਹਾਂ ਤੁਰਕੀ ਪਹਿਰਾਵਾ ਪਾ ਲਿਆ ਸੀ ਤੇ ਉਹ ਮੁਸਲਮਾਨੀ ਗੁਲਾਮੀ ਪ੍ਰਵਾਨ ਕਰ ਚੁਕੇ ਸਨ। ਲੋਕਾਂ ਵਿੱਚ ਆਪਣੇ ਹੱਕਾਂ ਦਾ ਕੋਈ ਅਹਿਸਾਸ ਨਹੀਂ ਸੀ ਅਤੇ ਮੁਰਦਿਆਂ ਦੀ ਤਰ੍ਹਾਂ ਉਹ ਜਾਬਰ ਹਾਕਮਾਂ ਦੇ ਯੋਗ ਅਯੋਗ ਜਬਰ ਸਹਿੰਦੇ ਸਨ। ਇਸ ਤਰ੍ਹਾਂ ਭਾਰਤੀ ਲੋਕਾਂ ਦੇ ਜੀਵਨ ਵਿੱਚ ਹਰ ਪਾਸੇ ਬੇਪਤੀ ਸੀ। ਉਨ੍ਹਾਂ ਪਾਸ ਨਾ ਭਗਤੀ ਸੀ ਤੇ ਨਾ ਹੀ ਸ਼ਕਤੀ ਸੀ।

ਅਜਿਹੀ ਦਸ਼ਾ ਤੋਂ ਲੋਕਾਂ ਨੂੰ ਉਬਾਰਨ ਲਈ ਨਾਨਕ-ਜੋਤਿ ਨੇ ਜੋ ਸਿੱਖੀ ਦੇ ਨਿਰਮਲ ਪੰਥ ਦਾ ਗਾਡੀ ਰਾਹ ਤੋਰਿਆ। ਉਸ ਉਤੇ ਤੁਰਨ ਲਈ ਸਿੱਖਾਂ ਨੂੰ ਜੀਵਨ ਵਿੱਚ ਨਾਮ ਮਾਰਗ ਜਾਂ ਪ੍ਰੇਮ ਮਾਰਗ ਦਾ ਪਾਂਧੀ ਬਣਾ ਕੇ ਉਨ੍ਹਾਂ ਦੇ ਜੀਵਨ ਨੂੰ ਕੁਰਬਾਨੀ ਤੇ ਸੇਵਾ ਦੇ ਨਾਲ ਜੋੜਿਆ ਤਾਂ ਜੋ ਭਾਰਤੀਆਂ ਤੇ ਮਨੁਖੀ ਜੀਵਨ ਦਾ ਉਧਾਰ ਹੋ ਸਕੇ। ਸਿੱਖੀ ਦਾ ਇਹ ਨਾਮ ਮਾਰਗ ਜਾਂ ਪ੍ਰੇਮ-ਮਾਰਗ ਤਾਂ ਸਿਰ ਤਲੀ ਤੇ ਰਖਣਾ ਹੈ, ਨਿਰਾਲੀ ਚਾਲ ਧਾਰਨ ਕਰਨਾ ਹੈ, ਮਰਨ ਕਬੂਲਣਾ ਹੈ, ਨਿਰਭੈ ਹੋਕੇ ਵਿਚਰਨਾ ਹੈ। ਗੁਰੂ ਗੋਬਿੰਦ ਸਿੰਘ ਜੀ ਨਾਨਕ-ਜੋਤਿ ਦੀ ਅੰਤਮ ਪਰ ਬੜੀ ਮਹਾਨ ਤੇ ਵਚਿੱਤਰ ਕੜੀ ਹਨ। ਨਿਸ਼ਚੇ ਹੀ ਆਪ ਜੀ ਨੇ ਨਾਨਕ-ਜੋਤਿ ਦੇ ਉਦੇਸ਼ਾਂ ਦੀ ਪੂਰਤੀ ਲਈ, ਉਤਸ਼ਾਹ ਜਨਕ ਹੰਭਲਾ ਮਾਰਿਆ। ਉਨ੍ਹਾਂ ਸਿੱਖੀ ਨੂੰ ਖਾਲਸਾ ਰੂਪ ਬਖ਼ਸ਼ ਕੇ ਇਹ ਦ੍ਰਿੜ੍ਹ ਕਰਾ ਦਿੱਤਾ ਕਿ ਪਰਮ-ਪੁਰਖ ਅਕਾਲਪੁਰਖ ਨੂੰ ਪਹਿਚਾਨਣਾ ਹੀ ਪਰਮ

ਧਰਮ ਹੈ। ਪਰਮ-ਪੁਰਖ ਪ੍ਰਕਾਸ਼ ਹੈ, ਜਾਗਤ-ਜੋਤ ਦਾ ਪ੍ਰਕਾਸ਼। ਹਰ ਮਨੁਖ ਨੇ ਪਰਮ-ਧਰਮ ਦੇ ਪ੍ਰਕਾਸ਼ ਤੇ ਗਿਆਨ-ਪ੍ਰਕਾਸ਼ ਵਿੱਚ ਜੀਣਾ ਹੈ ਅਤੇ ਪ੍ਰਕਾਸ਼ ਵਾਲੇ ਨਿਯਮਾਂ ਅਤੇ ਅਸੂਲਾਂ ਅੰਦਰ ਰਹਿਣਾ ਹੈ। ਇਸ ਉਦੇਸ਼ ਦੀ ਪੂਰਤੀ ਉਨ੍ਹਾਂ ਸੰਤ-ਸਿਪਾਹੀ ਦੀ ਸੰਧੀ ਕਰਦਿਆਂ ਦਰਸਾਇਆ ਕਿ ਸੰਤ-ਪ੍ਰਭੂ ਭਗਤੀ ਹੈ ਸਿਪਾਹੀ ਬੀਰ-ਰਸ ਹੈ। ਉਨ੍ਹਾਂ ਇਨ੍ਹਾਂ ਦੋਹਾਂ ਪੱਖਾਂ ਲਈ ਉਤਸ਼ਾਹ ਜਗਾਉਂਦਿਆਂ ਇਹ ਦ੍ਰਿੜ੍ਹ ਕਰਾ ਦਿੱਤਾ ਕਿ ਕੋਈ ਉਦੇਸ਼ ਬਿਨਾ ਕੁਰਬਾਨੀ ਪੂਰਾ ਨਹੀਂ ਹੁੰਦਾ। ਉਨ੍ਹਾਂ ਇਸ ਉਦੇਸ਼ ਦੀ ਪੂਰਤੀ ਲਈ ਦਸਿਆ ਕਿ ਅਕਾਲ ਪੁਰਖ ਵਿੱਚ ਪੂਰਨ ਵਿਸ਼ਵਾਸ਼ ਤੇ ਭਰੋਸਾ ਰਖਦਿਆਂ 'ਚੜ੍ਹਦੀ ਕਲਾ' ਦੀ ਲੋੜ ਹੈ, ਨਿਰਾਸ਼ ਨਹੀਂ ਹੋਣਾ ਅਤੇ 'ਸਤ' ਦਾ ਵਿਸ਼ਵਾਸ਼ੀ ਹੋਕੇ ਜਿੱਤ ਦਾ ਵਿਸ਼ਵਾਸ਼ ਰਖਣਾ ਹੈ। ਉਨ੍ਹਾਂ ਨੇ ਇਹ ਵੀ ਸਪਸ਼ਟ ਕੀਤਾ ਕਿ ਜੀਵਨ ਸੁਖ-ਦੁਖ, ਖੁਸ਼ੀ-ਗਮੀ, ਸੰਤ-ਤਾਈ ਤੇ ਦੁਸ਼ਟਤਾ ਦਾ ਅਖਾੜਾ ਹੈ। ਸੰਸਾਰਕ ਜੀਵਨ ਭਾਵ ਆਦਰਸ਼ਕ ਸੁਤੰਤਰ ਜੀਵਨ ਜੀਣਾ ਸੰਘਰਸ਼ ਹੈ, ਨਿਤ ਦਾ ਸੰਘਰਸ਼। ਇਸ ਜੀਵਨ ਦੇ ਸੰਘਰਸ਼ ਵਿੱਚ ਵਿਚਰਦਿਆਂ ਤੇ ਜੁੜਦਿਆਂ ਹੀ ਖਾਲਸੇ ਨੇ ਆਪ ਮੁਕਤ ਹੋ ਕੇ ਦੂਜਿਆਂ ਨੂੰ ਵੀ ਮੁਕਤ ਕਰਾਉਣਾ ਹੈ। ਇਸ ਤਰ੍ਹਾਂ ਨਾਨਕ ਜੋਤਿ ਨਾਲ ਜੋ ਉਦੇਸ਼ ਸਿੱਖ ਧਰਮ ਦੇ ਬਣੇ, ਉਨ੍ਹਾਂ ਨੂੰ ਹੀ ਸਪਸ਼ਟ ਕਰਨ ਤੇ ਅਮਲੀ ਰੂਪ ਵਿੱਚ ਅਪਨਾਉਣ ਦੀ ਪ੍ਰੇਰਨਾ ਦੇਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਦੀ ਰਚਨਾ ਕੀਤੀ। 'ਬੇਨਤੀ ਚੌਪਈ' ਵੀ ਸਿੱਖੀ ਤੇ ਖਾਲਸਾਈ ਜੀਵਨ ਆਦਰਸ਼ਾਂ ਤੇ ਪ੍ਰਕਾਸ਼ ਪਾਉਣ ਦਾ ਸਾਧਨ ਹੈ।

'ਬੇਨਤੀ ਚੌਪਈ' ਦੇ ਮਹੱਤਵ ਨੂੰ ਅਨੁਭਵ ਕਰਦਿਆਂ ਇਸ ਸੰਬੰਧੀ ਜਾਣਕਾਰੀ ਦੇਣ ਲਈ ਹੱਥਲੇ ਕਾਰਜ **'ਬੇਨਤੀ ਚੌਪਈ : ਭਾਗ ਪਹਿਲਾ ਮੂਲ ਪਾਠ ਤੇ ਵਿਆਖਿਆ ਅਤੇ ਭਾਗ ਦੂਜਾ - ਵਿਚਾਰ ਦਰਸ਼ਨ'** ਵਿੱਚ ਇਸ ਬਾਣੀ ਦੇ ਮੂਲ ਪਾਠ ਨੂੰ ਵਿਆਖਿਆ ਸਹਿਤ ਪੇਸ਼ ਕੀਤਾ ਗਿਆ ਹੈ ਤਾਂ ਜੋ ਇਸ ਬਾਣੀ ਨੂੰ ਸਮਝ ਕੇ ਇਸ ਦੇ ਵਿਚਾਰ ਦਰਸ਼ਨ ਦਾ ਗਿਆਨ ਪ੍ਰਾਪਤ ਕਰ ਸਕੀਏ। ਇਸ ਕਾਰਜ ਦੀ ਰੂਪ ਰੇਖਾ ਇਵੇਂ ਹੈ : ਭਾਗ ਪਹਿਲਾ - ਮੂਲ ਪਾਠ ਤੇ ਵਿਆਖਿਆ, ਭਾਗ ਦੂਜਾ - ਵਿਚਾਰ ਦਰਸ਼ਨ ਜਿਸ ਨੂੰ 'ਬੇਨਤੀ ਚੌਪਈ' ਦੇ ੧- ਪਰਿਚਯ, ੨- ਪਿਛੋਕੜ, ੩- ਵਿਚਾਰ ਦਰਸ਼ਨ, ੪- ਅੰਤਿਕਾ ਦੇ ਸਿਰਲੇਖਾਂ ਹੇਠ ਵੰਡ ਕੇ ਵਿਚਾਰਿਆ ਗਿਆ ਹੈ।

ਇਸ ਕੰਮ ਵਿੱਚ 'ਬੇਨਤੀ ਚੌਪਈ' ਦਾ ਮੂਲ ਪਾਠ ਅਤੇ ਦਸਮ ਬਾਣੀ ਦੀਆਂ ਹੋਰ ਟੂਕਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਅੰਮ੍ਰਿਤਸਰ) ਵੱਲੋਂ ਪ੍ਰਕਾਸ਼ਿਤ 'ਸੁੰਦਰ ਗੁਟਕਾ' ਅਤੇ 'ਦਸ ਗ੍ਰੰਥੀ' ਦੇ ਪਾਠ ਤੇ ਆਧਾਰਿਤ ਹਨ।

ਭੁਲਾਂ-ਚੁਕਾਂ ਲਈ ਖਿਮਾਂ ਦਾ ਜਾਚਕ ਹਾਂ।

ਗੁਰਚਰਨ ਸਿੰਘ ਸਹਾਰਨਪੁਰ (ਡਾ.)

ਪਤਾ :

18-ਗੁਰੂ ਅਰਜਨ ਨਗਰ,

ਰੇਲਵੇ ਕਾਲੋਨੀ, ਸਹਾਰਨਪੁਰ-247001 (ਯੂ.ਪੀ.)

ਫੋਨ : (ਘਰ) 0132-2727843

ਭਾਗ ਪਹਿਲਾ

(ਮੂਲ ਪਾਠ ਤੇ ਵਿਆਖਿਆ)

ਪਾ: ੧੦॥ ਕਬਿਯੋ ਬਾਚ ਬੇਨਤੀ॥ ਚੌਪਈ॥

ਹਮਰੀ ਕਰੋ ਹਾਥ ਦੈ ਰੱਛਾ॥
ਪੂਰਨ ਹੋਇ ਚਿਤ ਕੀ ਇੱਛਾ॥
ਤਵ ਚਰਨਨ ਮਨ ਰਹੈ ਹਮਾਰਾ॥
ਅਪਨਾ ਜਾਨ ਕਰੋ ਪ੍ਰਤਿਪਾਰਾ॥੧॥

ਹੇ ਅਕਾਲ ਪੁਰਖ! ਸਾਡੀ ਹੱਥ ਦੇ ਕੇ ਰਖਿਆ ਕਰੋ, ਤਾਂ ਜੋ ਚਿਤ ਦੀ ਇੱਛਾ ਪੂਰੀ ਹੋ ਜਾਏ। ਤੁਹਾਡੇ ਚਰਨਾਂ ਨਾਲ ਸਾਡਾ ਮਨ ਜੁੜਿਆ ਰਹੇ ਅਤੇ ਤੁਸੀਂ ਆਪਣਾ ਜਾਣ ਕੇ ਪ੍ਰਤਿਪਾਲਣਾ ਕਰੋ।

ਹਮਰੇ ਦੁਸ਼ਟ ਸਭੈ ਤੁਮ ਘਾਵਹੁ॥
ਆਪੁ ਹਾਥ ਦੈ ਮੋਹਿ ਬਚਾਵਹੁ॥
ਸੁਖੀ ਬਸੈ ਮੋਰੋ ਪਰਿਵਾਰਾ॥
ਸੇਵਕ ਸਿੱਖ ਸਭੈ ਕਰਤਾਰਾ॥੨॥

ਸਾਡੇ ਦੁਸ਼ਟਾਂ ਅਥਵਾ ਦੁਸ਼ਮਣਾਂ ਨੂੰ ਤੁਸੀਂ ਘਾਵਹੁ ਭਾਵ ਖ਼ਤਮ ਕਰੋ ਅਤੇ ਆਪਣਾ ਹੱਥ ਦੇ ਕੇ ਮੋਹਿ ਅਥਵਾ ਮੈਨੂੰ ਬਚਾਓ। ਹੇ ਕਰਤਾਰ ਪ੍ਰਭੂ! ਮੋਰੋ ਭਾਵ ਮੇਰਾ ਪਰਿਵਾਰ, ਸੇਵਕ, ਸਿੱਖ ਸਭ ਸੁਖੀ ਵਸਦੇ ਰਹਿਣ।

ਮੋ ਰੱਛਾ ਨਿਜ ਕਰ ਦੈ ਕਰਿਯੈ॥
ਸਭ ਬੈਰਨ ਕੋ ਆਜ ਸੰਘਰਿਯੈ॥
ਪੂਰਨ ਹੋਇ ਹਮਾਰੀ ਆਸਾ॥
ਤੋਰ ਭਜਨ ਕੀ ਰਹੈ ਪਿਆਸਾ॥੩॥

ਹੇ ਅਕਾਲ ਪੁਰਖ! ਆਪਣਾ ਹੱਥ ਦੇ ਕੇ ਮੇਰੀ ਰੱਛਿਆ ਕਰੋ, ਸਭ ਬੈਰਨ ਭਾਵ ਵੈਰੀਆਂ ਅਥਵਾ ਅਧਰਮੀਆਂ ਤੇ ਉਪਦਰਵੀਆਂ ਨੂੰ ਅੱਜ ਹੀ ਸੰਘਰਿਯੈ ਅਰਥਾਤ ਖ਼ਤਮ ਕਰ ਦਿਓ। ਸਾਡੀ ਆਸਾ ਪੂਰੀ ਹੋਵੇ ਅਤੇ ਤੋਰ ਭਾਵ ਤੁਹਾਡੇ ਭਜਨ ਅਥਵਾ ਬੰਦਗੀ ਲਈ ਪਿਆਸਾ ਅਰਥਾਤ ਤੀਬਰ ਇੱਛਾ ਸਦਾ ਬਣੀ ਰਹੇ।

ਤੁਮਹਿ ਛਾਡਿ ਕੋਈ ਅਵਰ ਨ ਧਿਯਾਊਂ॥
ਜੋ ਬਰ ਚਹੋਂ ਸੁ ਤੁਮ ਤੇ ਪਾਊਂ॥
ਸੇਵਕ ਸਿੱਖ ਹਮਾਰੇ ਤਾਰੀਅਹਿ॥
ਚੁਨਿ ਚੁਨਿ ਸਤ੍ਰ ਹਮਾਰੇ ਮਾਰੀਅਹਿ॥੪॥

ਹੇ ਅਕਾਲਪੁਰਖ! ਤੁਹਾਨੂੰ ਛਡ ਕੇ ਕਿਸੇ ਹੋਰ ਨੂੰ ਨਾ ਧਿਆਵਾਂ, ਜੋ ਵਰ ਚਾਹਵਾਂ

ਤੁਹਾਡੇ ਤੋਂ ਹੀ ਪ੍ਰਾਪਤ ਕਰਾਂ। ਸਾਡੇ ਸੇਵਕਾਂ ਅਤੇ ਸਿੱਖਾਂ ਦਾ ਨਿਸਤਾਰਾ ਕਰੋ ਅਤੇ ਸਾਡੇ ਸਤ੍ਰ ਭਾਵ ਸ਼ਤਰੂਆਂ ਨੂੰ ਚੁਣ ਚੁਣ ਕੇ ਮਾਰੋ।

ਆਪ ਹਾਥ ਦੈ ਮੁਝੈ ਉਬਰੀਯੈ॥
ਮਰਨ ਕਾਲ ਕਾ ਤ੍ਰਾਸ ਨਿਵਰਿਯੈ॥
ਹੂਜੋ ਸਦਾ ਹਮਾਰੇ ਪੱਛਾ॥
ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ॥੫॥

ਹੇ ਅਕਾਲ ਪੁਰਖ! ਆਪਣਾ ਹੱਥ ਦੇ ਕੇ ਮੇਰਾ ਉਧਾਰ ਕਰੋ ਅਤੇ ਮਰਣ ਸਮੇਂ ਦਾ ਡਰ ਦੂਰ ਕਰੋ। ਹੇ ਸ੍ਰੀ ਅਸਿਧੁਜ ਜੀ! (ਅਸਿ ਲੋਹਾ ਅਰਥਾਤ ਕ੍ਰਿਪਾਨ+ਧੁਜ ਭਾਵ ਝੰਡਾ ਭਾਵ ਅਕਾਲ ਪੁਰਖ ਜਿਸ ਦੇ ਧਜਾ ਅਥਵਾ ਝੰਡੇ ਉਤੇ ਅਸਿ ਅਰਥਾਤ ਕ੍ਰਿਪਾਨ ਦਾ ਚਿੰਨ੍ਹ ਹੈ। ਗੁਰੂ ਦਸ਼ਮੇਸ਼ ਜੀ ਨੇ ਅਕਾਲ ਪੁਰਖ ਲਈ ਇਸ ਨਵੇਂ ਨਾਂਵ ਦੀ ਸਿਰਜਣਾ ਸੰਕੇਤ ਰੂਪ ਵਿੱਚ ਬੀਰਤਾ ਦੀ ਭਾਵਨਾ ਉਜਾਗਰ ਕਰਨ ਵਾਸਤੇ ਕੀਤੀ ਹੈ ਅਤੇ ਇਹ ਦ੍ਰਿੜ੍ਹ ਕਰਾਇਆ ਹੈ ਕਿ ਖੜਗਧਾਰੀ ਹੀ ਸੰਸਾਰ ਵਿੱਚ ਅਕਾਲ ਪੁਰਖ ਦਾ ਝੰਡਾ ਝੁਲਾ ਸਕਦੇ ਹਨ), ਸਦਾ ਸਾਡੇ ਪੱਛਾ ਭਾਵ ਪੱਖ ਵਿੱਚ ਰਹੋ ਅਤੇ ਰਖਿਆ ਕਰੋ।

ਰਾਖਿ ਲੇਹੁ ਮੁਹਿ ਰਾਖਨਹਾਰੇ॥
ਸਾਹਿਬ ਸੰਤ ਸਹਾਇ ਪਿਆਰੇ॥
ਦੀਨ ਬੰਧੁ ਦੁਸਟਨ ਕੇ ਹੰਤਾ॥
ਤੁਮ ਹੋ ਪੁਰੀ ਚਤੁਰ ਦਸ ਕੰਤਾ॥੬॥

ਹੇ ਸਭ ਦੀ ਰਖਿਆ ਕਰਨ ਵਾਲੇ ਅਕਾਲ ਪੁਰਖ ਜੀ! ਮੇਰੀ ਰਖਿਆ ਕਰੋ। ਤੁਸੀਂ ਸੰਤਾਂ ਭਾਵ ਨੇਕ ਪੁਰਸ਼ਾਂ ਦੇ ਸਾਹਿਬ ਅਥਵਾ ਸੁਆਮੀ ਤੇ ਪਿਆਰੇ ਹੋਕੇ ਸਹਾਇਤਾ ਕਰਨ ਵਾਲੇ ਹੋ। ਤੁਸੀਂ ਦੀਨਾਂ ਭਾਵ ਨਿਮਾਣਿਆਂ ਦੇ ਬੰਧੂ ਅਤੇ ਦੁਸ਼ਟਾਂ ਭਾਵ ਅਧਰਮੀਆਂ ਤੇ ਅਤਿਆਚਾਰੀਆਂ ਦੇ ਹੰਤਾ ਅਰਥਾਤ ਨਾਸ ਕਰਨ ਵਾਲੇ ਹੋ। ਤੁਸੀਂ ਹੀ ਚਤੁਰਦਸ ਅਰਥਾਤ ਚੌਦਾਂ ਪੁਰੀਆਂ ਜਾਂ ਲੋਕਾਂ ਦੇ ਕੰਤਾ ਭਾਵ ਮਾਲਕ ਹੋ।

ਕਾਲ ਪਾਇ ਬ੍ਰਹਮਾ ਬਪੁ ਧਰਾ॥
ਕਾਲ ਪਾਇ ਸਿਵ ਜੂ ਅਵਤਰਾ॥
ਕਾਲ ਪਾਇ ਕਰ ਬਿਸਨੁ ਪ੍ਰਕਾਸਾ॥
ਸਕਲ ਕਾਲ ਕਾ ਕੀਆ ਤਮਾਸਾ॥੭॥

ਅਕਾਲ ਦੀ ਆਗਿਆ ਪਾਕੇ ਬ੍ਰਹਮਾ ਨੇ ਸਰੀਰ ਧਾਰਨ ਕੀਤਾ ਅਤੇ ਸ਼ਿਵ ਜੀ ਦਾ ਅਵਤਰਨ ਹੋਇਆ। ਅਕਾਲ ਪੁਰਖ ਦੇ ਹੁਕਮ ਵਿੱਚ ਹੀ ਵਿਸ਼ਨੂੰ ਦਾ ਪ੍ਰਕਾਸ਼ ਹੋਇਆ। ਹੇ ਮਹਾਂਕਾਲ ਸਰੂਪ ਅਕਾਲ ਪੁਰਖ ਜੀ! ਤੁਸੀਂ ਹੀ ਕਾਲਾਂ ਭਾਵ ਸਮਿਆਂ ਦਾ ਤਮਾਸ਼ਾ ਅਥਵਾ ਕੌਤਕ ਰਚਾਇਆ ਹੋਇਆ ਹੈ। (ਇਸ ਦਾ ਭਾਵ ਇਹ ਹੈ ਕਿ

ਸੰਸਾਰ ਦਾ ਕਰਤਾ ਬ੍ਰਹਮਾ, ਪਾਲਕ ਵਿਸ਼ਨੂੰ ਅਤੇ ਸੰਘਾਰਕ ਸ਼ਿਵ ਨਹੀਂ, ਇਹ ਸਭ ਦੇਵਤੇ ਤਾਂ ਅਕਾਲ ਪੁਰਖ ਦੇ ਹੁਕਮ ਵਿੱਚ ਹੀ ਪ੍ਰਗਟ ਹੋਏ। ਸੰਸਾਰ ਦੀ ਰਚਨਾ, ਪਾਲਣਾ ਤੇ ਸੰਘਾਰ ਅਕਾਲ ਪੁਰਖ ਦੇ ਹੁਕਮ ਦੇ ਨਿਯਮ ਵਿੱਚ ਹੈ। ਇਹ ਸ਼ਕਤੀ ਦੇਵਤਿਆਂ ਵਿੱਚ ਨਹੀਂ)।

ਜਵਨ ਕਾਲ ਜੋਗੀ ਸਿਵ ਕੀਓ॥
ਬੇਦ ਰਾਜ ਬ੍ਰਹਮਾ ਜੂ ਥੀਓ॥
ਜਵਨ ਕਾਲ ਸਭ ਲੋਕ ਸਵਾਰਾ॥
ਨਮਸਕਾਰ ਹੈ ਤਾਹਿ ਹਮਾਰਾ॥੮॥

ਜਵਨ ਕਾਲ ਜਿਸ ਅਕਾਲ ਪੁਰਖ ਨੇ ਸ਼ਿਵ ਜੀ ਨੂੰ ਜੋਗੀ ਬਣਾਇਆ ਅਤੇ ਬ੍ਰਹਮਾ ਨੂੰ ਵੇਦਾਂ ਦਾ ਰਾਜਾ ਬਣਾਇਆ, ਜਿਸ ਅਕਾਲ ਪੁਰਖ ਨੇ ਸਾਰਿਆਂ ਲੋਕਾਂ ਅਰਥਾਤ ਭਵਨਾਂ ਨੂੰ ਸਵਾਰਿਆ, ਉਸ ਅਕਾਲ ਪੁਰਖ ਨੂੰ ਸਾਡੀ ਨਮਸਕਾਰ ਹੈ।

ਜਵਨ ਕਾਲ ਸਭ ਜਗਤ ਬਨਾਯੋ॥
ਦੇਵ ਦੈਤ ਜੱਛਨ ਉਪਜਾਯੋ॥
ਆਦਿ ਅੰਤ ਏਕੈ ਅਵਤਾਰਾ॥
ਸੋਈ ਗੁਰੂ ਸਮਝਿਯਹੁ ਹਮਾਰਾ॥ ੯॥

ਜਿਸ ਅਕਾਲ ਪੁਰਖ ਨੇ ਸਾਰੇ ਜਗਤ ਨੂੰ ਬਣਾਇਆ; ਦੇਵਤੇ, ਦੈਂਤ ਤੇ ਜੱਛਨ ਅਰਥਾਤ ਯਕਸ਼ ਪੈਦਾ ਕੀਤੇ; ਉਹੀ ਆਦਿ ਤੋਂ ਅੰਤ ਤਕ ਅਵਤਰਿਤ ਜਾਂ ਪ੍ਰਕਾਸ਼ਮਾਨ ਹੈ ਭਾਵ ਉਹੀ ਸਭ ਦਾ ਆਦਿ ਹੈ ਤੇ ਜਿਸ ਵਿੱਚ ਸਭ ਦੀ ਸਮਾਪਤੀ ਹੈ ਤੇ ਜੋ ਸਰਬ ਵਿਸ਼ਵ ਰੂਪ ਹੋ ਕੇ ਇਕ ਰਸ ਹੈ, ਉਸੇ ਨੂੰ ਸਾਡਾ ਗੁਰੂ ਅਰਥਾਤ ਪੂਜਯ ਇਸ਼ਟ ਸਮਝੋ।

ਨਮਸਕਾਰ ਤਿਸ ਹੀ ਕੋ ਹਮਾਰੀ॥
ਸਕਲ ਪ੍ਰਜਾ ਜਿਨ ਆਪ ਸਵਾਰੀ॥
ਸਿਵਕਨ ਕੋ ਸਿਵਗੁਨ ਸੁਖ ਦੀਓ॥
ਸੱਤ੍ਰਨ ਕੋ ਪਲ ਮੋ ਬਧ ਕੀਓ॥੧੦॥

ਸਾਡੀ ਕੇਵਲ ਉਸੇ ਕਰਤਾਰ ਨੂੰ ਹੀ ਨਮਸਕਾਰ ਹੈ, ਜਿਸ ਨੇ ਸਕਲ ਅਥਵਾ ਸਗਲ ਜਾਂ ਸਾਰੀ ਪ੍ਰਜਾ ਨੂੰ ਸਵਾਰੀ ਭਾਵ ਸਵਾਰਿਆ ਜਾਂ ਬਣਾਇਆ ਹੈ; ਜਿਸਨੇ ਸਿਵਕਨ ਅਰਥਾਤ ਸੇਵਕਾਂ ਨੂੰ ਸਿਵਗੁਨ ਭਾਵ ਸ਼ੁਭ ਗੁਣ ਅਤੇ ਸੁਖ ਦਿੱਤੇ ਅਤੇ ਸੱਤ੍ਰਨ ਭਾਵ ਵੈਰੀਆਂ ਨੂੰ ਪਲ ਜਾਂ ਛਿਣ ਵਿੱਚ ਬਧ ਅਰਥਾਤ ਖ਼ਤਮ ਕੀਤਾ ਹੈ।

ਘਟ ਘਟ ਕੇ ਅੰਤਰ ਕੀ ਜਾਨਤ॥
ਭਲੇ ਬੁਰੇ ਕੀ ਪੀਰ ਪਛਾਨਤ॥
ਚੀਟੀ ਤੇ ਕੁੰਚਰ ਅਸਥੂਲਾ॥

ਸਭ ਪਰ ਕ੍ਰਿਪਾ ਦ੍ਰਿਸਟਿ ਕਰ ਫੂਲਾ॥੧੧॥

ਹੇ ਅਕਾਲ ਪੁਰਖ! ਤੁਸੀਂ ਹਰ ਇਕ ਦੇ ਅੰਤਰ ਭਾਵ ਅੰਦਰ ਦੀ ਗੱਲ ਜਾਣਦੇ ਹੋ ਅਤੇ ਭਲੇ-ਬੁਰੇ ਦੀ ਪੀੜ ਨੂੰ ਪਛਾਣਦੇ ਹੋ। ਤੁਸੀਂ ਚੀਟੀ ਜਾਂ ਕੀੜੀ ਤੋਂ ਲੈ ਕੇ ਕੁੰਚਰ ਭਾਵ ਹਾਥੀ ਅਰਥਾਤ ਛੋਟੇ ਤੋਂ ਲੈ ਕੇ ਵੱਡੇ ਤਾਈਂ, ਸਭ ਉਤੇ ਕ੍ਰਿਪਾ ਦ੍ਰਿਸ਼ਟੀ ਕਰਕੇ ਫੂਲਾ ਭਾਵ ਪ੍ਰਸੰਨ ਹੁੰਦੇ ਹੋ।

ਸੰਤਨ ਦੁਖ ਪਾਏ ਤੇ ਦੁਖੀ॥
ਸੁਖ ਪਾਏ ਸਾਧੁਨ ਕੇ ਸੁਖੀ॥
ਏਕ ਏਕ ਕੀ ਪੀਰ ਪਛਾਨੈਂ॥
ਘਟ ਘਟ ਕੀ ਪਟ ਪਟ ਕੀ ਜਾਨੈਂ॥੧੨॥

ਸੰਤਨ ਅਰਥਾਤ ਸੰਤਾਂ ਦੇ ਦੁਖੀ ਹੋਣ ਤੇ ਤੁਸੀਂ ਦੁਖੀ ਹੁੰਦੇ ਹੋ ਅਤੇ 'ਸਾਧੁਨ' ਭਾਵ ਸਾਧਾਂ ਦੇ ਸੁਖ ਪਾਇਆਂ ਸੁਖੀ ਹੁੰਦੇ ਹੋ। ਤੁਸੀਂ ਇਕ ਇਕ ਜੀਅ ਦੀ ਪੀੜ ਨੂੰ ਪਛਾਣਦੇ ਹੋ ਅਤੇ ਘਟ ਘਟ ਭਾਵ ਸਭ ਥਾਵਾਂ ਦੇ ਹਰ ਇਕ ਦੇ ਦਿਲ ਦੇ ਅੰਦਰ ਪਟ ਪਟ ਭਾਵ ਪਰਦਿਆਂ ਵਿੱਚ ਲੁੱਕੇ ਭੇਦਾਂ ਨੂੰ ਜਾਣਦੇ ਹੋ।

ਜਬ ਉਦਕਰਖ ਕਰਾ ਕਰਤਾਰਾ॥
ਪ੍ਰਜਾ ਧਰਤ ਤਬ ਦੇਹ ਅਪਾਰਾ॥
ਜਬ ਆਕਰਖ ਕਰਤ ਹੋ ਕਬਹੂੰ॥
ਤੁਮ ਮੈ ਮਿਲਤ ਦੇਹ ਧਰ ਸਭਹੂੰ॥੧੩॥

ਹੇ ਕਰਤਾਰ! ਜਦੋਂ ਤੁਸੀਂ ਆਪਣਾ ਉਦਕਰਖ ਭਾਵ ਵਿਸਥਾਰ ਕੀਤਾ ਅਰਥਾਤ ਪਾਸਾਰਾ ਪਸਾਰਿਆ ਤਦ ਸਾਰੀ ਪ੍ਰਜਾ ਅਥਵਾ ਦੁਨੀਆਂ ਆਪਣੀ ਦੇਹ ਅਪਾਰਾ ਅਰਥਾਤ ਅਪਾਰ ਹੋਂਦ ਧਾਰਨ ਕਰ ਗਈ। ਜਦ ਕਬਹੂੰ ਭਾਵ ਕਦੇ ਤੁਸੀਂ ਦੁਨੀਆਂ ਨੂੰ ਆਪਣੇ ਵੱਲ ਆਕਰਖ ਅਰਥਾਤ ਲਯ ਕਰਦੇ ਹੋ, ਤਦ ਤੁਹਾਡੇ ਵਿੱਚ ਸਾਰੇ ਦੇਹਧਾਰੀ ਸਮਾ ਜਾਂਦੇ ਹਨ।

ਜੇਤੇ ਬਦਨ ਸ੍ਰਿਸਟਿ ਸਭ ਧਾਰੈ॥
ਆਪੁ ਆਪਨੀ ਬੂਝ ਉਚਾਰੈ॥
ਤੁਮ ਸਭ ਹੀ ਤੇ ਰਹਤ ਨਿਰਾਲਮ॥
ਜਾਨਤ ਬੇਦ ਭੇਦ ਅਰ ਆਲਮ॥੧੪॥

ਸ੍ਰਿਸ਼ਟੀ ਵਿੱਚ ਜਿਤਨੇ ਵੀ ਮਨੁਖ ਬਦਨ ਭਾਵ ਸਰੀਰ ਧਾਰਨ ਕਰਦੇ ਹਨ, ਉਹ ਆਪੋ ਆਪਣੀ ਸੂਝ ਅਨੁਸਾਰ ਤੁਹਾਡੇ ਗੁਣਾਂ ਦਾ ਗਾਇਨ ਕਰਦੇ ਹਨ। ਤੁਸੀਂ ਸਾਰਿਆਂ ਤੋਂ ਨਿਰਾਲਮ ਅਰਥਾਤ ਨਿਰਾਲੇ ਹੋ ਕੇ ਬੇਲਾਗ ਰਹਿੰਦੇ ਹੋ ਅਤੇ ਇਸ ਭੇਦ ਨੂੰ ਸਾਰੇ ਵੇਦ ਅਤੇ ਆਲਮ ਭਾਵ ਵਿਦਵਾਨ ਗਿਆਨੀ ਜਾਣਦੇ ਹਨ।

ਨਿਰੰਕਾਰ ਨ੍ਰਿਬਿਕਾਰ ਨ੍ਰਿਲੰਭ॥

ਆਦਿ ਅਨੀਲ ਅਨਾਦਿ ਅਸੰਭ॥
ਤਾ ਕਾ ਮੂੜ੍ਹ ਉਚਾਰਤ ਭੇਦਾ॥
ਜਾ ਕੋ ਭੇਵ ਨ ਪਾਵਤ ਬੇਦਾ॥੧੫॥

ਹੇ ਅਕਾਲ ਪੁਰਖ! ਤੁਸੀਂ ਨਿਰੰਕਾਰ ਭਾਵ ਨਿਰਾਕਾਰ, ਨਿਰਵਿਕਾਰ ਅਤੇ ਨਿਰਲੰਭ ਅਰਥਾਤ ਨਿਰਾਧਾਰ ਭਾਵ ਬਿਨਾਂ ਕਿਸੇ ਆਸਰੇ ਦੇ ਹੋ, ਤੁਸੀਂ ਆਦਿ ਸਰੂਪ, ਅਨੀਲ ਭਾਵ ਉਜਲੇ ਤੇ ਅਨਾਦਿ ਅਰਥਾਤ ਬਿਨਾਂ ਮੁਢ ਦੇ ਅਤੇ ਅਸੰਭ ਭਾਵ ਬਿਨਾਂ ਜਨਮ ਅਰਥਾਤ ਉਤਪੰਨ ਹੋਣ ਦੇ ਹੋ। ਮੂੜ੍ਹ ਜਾਂ ਮੂਰਖ ਲੋਕ ਤੁਹਾਡਾ ਭੇਦ ਪਾਉਣ ਦੀ ਗੱਲ ਕਰਦੇ ਹਨ, ਪਰ ਤੁਹਾਡਾ ਭੇਦ ਤਾਂ ਵੇਦ (ਵੇਦ ਨੂੰ ਸਾਰੇ ਗਿਆਨ ਦਾ ਸਰੋਤ ਮੰਨਿਆ ਗਿਆ ਹੈ) ਵੀ ਨਹੀਂ ਪਾ ਸਕੇ।

ਤਾ ਕੋ ਕਰਿ ਪਾਹਨ ਅਨੁਮਾਨਤ॥
ਮਹਾ ਮੂੜ੍ਹ ਕਛੂ ਭੇਦ ਨ ਜਾਨਤ॥
ਮਹਾਦੇਵ ਕੋ ਕਹਤ ਸਦਾ ਸਿਵ॥
ਨਿਰੰਕਾਰ ਕਾ ਚੀਨਤ ਨਹਿ ਭਿਵ॥੧੬॥

ਜੋ ਉਸ ਅਕਾਲ ਪੁਰਖ ਦਾ ਅਨੁਮਾਨ ਪਾਹਨ ਅਰਥਾਤ ਪੱਥਰ ਦੀ ਮੂਰਤੀ ਵਿੱਚ ਕਰਦੇ ਹਨ, ਉਹ ਮਹਾ ਮੂੜ੍ਹ ਜਾਂ ਮੂਰਖ ਉਸ ਦਾ ਕੁਝ ਵੀ ਭੇਦ ਨਹੀਂ ਜਾਣਦੇ। ਉਹ ਮਹਾਦੇਵ (ਮਹਾ=ਵੱਡਾ, ਦੇਵ=ਪ੍ਰਕਾਸ਼ਕ) ਸ਼ਿਵ ਜੀ ਨੂੰ ਸਦਾ ਸ਼ਿਵ ਭਾਵ ਨਿਤਯ ਅਨੰਦ ਸਰੂਪ ਕਲਿਆਣਕਾਰੀ ਅਰਥਾਤ ਸੁਖ ਦੇਣ ਵਾਲਾ ਅਕਾਲ ਪੁਰਖ ਕਹਿੰਦੇ ਹਨ, ਪਰ ਉਹ ਨਿਰੰਕਾਰ ਦਾ ਭੇਵ ਅਥਵਾ ਭੇਦ ਨਹੀਂ ਚੀਨਤ ਭਾਵ ਜਾਣਦੇ।

ਆਪੁ ਆਪਨੀ ਬੁਧਿ ਹੈ ਜੇਤੀ॥
ਬਰਨਤ ਭਿੰਨ ਭਿੰਨ ਤੁਹਿ ਤੇਤੀ॥
ਤੁਮਰਾ ਲਖਾ ਨ ਜਾਇ ਪਸਾਰਾ॥
ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥੧੭॥

ਜਿਤਨੀ ਜਿਤਨੀ ਆਪੋ ਆਪਣੀ ਕਿਸੇ ਦੀ ਬੁੱਧੀ ਹੈ, ਉਸ ਅਨੁਸਾਰ ਉਹ ਤੁਹਾਡਾ ਭਿੰਨ ਭਿੰਨ ਵਰਣਨ ਕਰਦੇ ਹਨ। ਹੇ ਅਕਾਲ ਪੁਰਖ! ਤੁਹਾਡੇ ਪਸਾਰੇ ਨੂੰ ਸਮਝਿਆ ਨਹੀਂ ਜਾ ਸਕਦਾ, ਕਿਹ ਭਾਵ ਕਿਸ ਤਰ੍ਹਾਂ ਪਹਿਲਾਂ ਸੰਸਾਰ ਸਾਜਿਆ ਗਿਆ।

ਏਕੈ ਰੂਪ ਅਨੂਪ ਸਰੂਪਾ॥
ਰੰਕ ਭਯੋ ਰਾਵ ਕਹੀ ਭੂਪਾ॥
ਅੰਡਜ ਜੇਰਜ ਸੇਤਜ ਕੀਨੀ॥
ਉਤਭੁਜ ਖਾਨਿ ਬਹੁਰਿ ਰਚਿ ਦੀਨੀ॥੧੮॥

ਹੇ ਅਕਾਲ ਪੁਰਖ! ਤੁਸੀਂ ਇਕੋ ਹੀ ਅਨੇਕ ਸੁੰਦਰ ਸਰੂਪਾਂ ਵਾਲੇ ਹੋ, ਤੁਸੀ ਕਿਤੇ ਰੰਕ ਭਾਵ ਕੰਗਾਲ ਹੋ, ਕਿਤੇ ਰਾਵ (ਰਾਜਪੂਤ ਅਮੀਰਾਂ ਦੀ ਉਪਾਧੀ) ਅਤੇ ਕਿਤੇ

ਭੂਪਾ ਅਥਵਾ ਰਾਜੇ ਕਹੀਦੇ ਹੋ। ਤੁਸੀਂ ਹੀ ਅੰਡਜ ਅਰਥਾਤ ਅੰਡਿਆਂ ਤੋਂ, ਜੇਰਜ ਭਾਵ ਜਿਓਰ ਤੋਂ ਅਤੇ ਸੇਤਜ ਅਥਵਾ ਹੁੰਮਸ ਜਾਂ ਮੁੜ੍ਹਕੇ ਤੋਂ ਖਾਣੀਆਂ ਦੀ ਰਚਨਾ ਕੀਤੀ ਅਤੇ ਬਹੁਰਿ ਭਾਵ ਫਿਰ ਉਤਭੁਜ ਅਰਥਾਤ ਬਨਸਪਤੀ ਆਦਿ ਦੀ ਖਾਣੀ ਬਣਾ ਦਿੱਤੀ ਤੇ ਇਸ ਤਰ੍ਹਾਂ ਸਭ ਖਾਣੀਆਂ ਦੁਆਰਾ ਦੁਨੀਆਂ ਦੀ ਸਾਜਣਾ ਸਾਜ ਦਿੱਤੀ।

ਕਹੂੰ ਫੂਲ ਰਾਜਾ ਹ੍ਵੈ ਬੈਠਾ॥
ਕਹੂੰ ਸਿਮਟਿ ਭਯੋ ਸੰਕਰ ਇਕੈਠਾ॥
ਸਗਰੀ ਸ੍ਰਿਸਟ ਦਿਖਾਇ ਅਚੰਭਵ॥
ਆਦਿ ਜੁਗਾਦਿ ਸਰੂਪ ਸੁਯੰਭਵ॥੧੯॥

ਹੇ ਅਕਾਲਪੁਰਖ! ਤੁਸੀਂ ਹੀ ਕਿਤੇ ਫੂਲ ਭਾਵ ਪ੍ਰਸੰਨਤਾ ਪੂਰਵਕ ਖਿੜ ਕੇ ਬ੍ਰਹਮਾ ਵਿੱਚ ਵੱਡੇ ਰਾਜੇ ਬਣੇ ਬੈਠੇ ਹੋ ਅਤੇ ਕਿਤੇ ਸੰਕਰ ਅਥਵਾ ਸ਼ਿਵ ਵਿੱਚ ਸਿਮਟ ਕੇ ਸਾਰੀ ਦੁਨੀਆਂ ਇਕੱਠੀ ਕਰੀ ਬੈਠੇ ਹੋ ਭਾਵ ਇਨ੍ਹਾਂ ਸਭਨਾ ਵਿੱਚ ਇਕ ਹੋਏ ਪਏ ਹੋ। ਤੁਸੀਂ ਸਾਰੀ ਸ੍ਰਿਸ਼ਟੀ ਦਾ ਅਚੰਭਵ ਅਰਥਾਤ ਅਸਚਰਜ ਖੇਲ ਵਿਖਾਇਆ ਹੈ ਅਤੇ ਤੁਸੀਂ ਆਦਿ ਅਰਥਾਤ ਮੁੱਢ ਵਿੱਚ, ਜੁਗਾਦਿ ਭਾਵ ਜੁਗਾਂ ਦੇ ਆਰੰਭ ਨਾਲ ਸੁਯੰਭਵ ਅਰਥਾਤ ਆਪਣੇ ਆਪ ਹੀ ਪ੍ਰਕਾਸ਼ਮਾਨ ਹੋ।

ਅਬ ਰੱਛਾ ਮੇਰੀ ਤੁਮ ਕਰੋ॥
ਸਿੱਖ ਉਬਾਰਿ ਅਸਿੱਖ ਸੰਘਰੋ॥
ਦੁਸ਼ਟ ਜਿਤੇ ਉਠਵਤ ਉਤਪਾਤਾ॥
ਸਕਲ ਮਲੇਛ ਕਰੋ ਰਣ ਘਾਤਾ॥੨੦॥

ਹੇ ਅਕਾਲ ਪੁਰਖ! ਤੁਸੀਂ ਹੁਣ ਮੇਰੀ ਰਖਿਆ ਕਰੋ, ਸਿੱਖਾਂ (ਸਿੱਖ ਗੁਰਮੁਖਿ ਸਿੱਖ) ਨੂੰ ਉਬਾਰਿ ਅਰਥਾਤ ਬਚਾਓ ਅਤੇ ਅਸਿੱਖਾਂ (ਅਸਿੱਖ-ਮਨਮੁਖ ਜਿਸ ਨੇ ਸ਼ੁਭ ਸਿਖਿਆ ਧਾਰਨ ਨਹੀਂ ਕੀਤੀ, ਅਸਿਖਿਤ) ਨੂੰ ਨਸ਼ਟ ਕਰੋ। ਜਿਤਨੇ ਦੁਸ਼ਟ ਉਪੱਦਰ ਉਠਵਤ ਭਾਵ ਮਚਾਉਣ ਵਾਲੇ ਹਨ, ਉਨ੍ਹਾਂ ਸਾਰਿਆਂ ਮਲੇਛਾਂ ਦਾ ਰਣ ਵਿੱਚ ਨਾਸ਼ ਕਰੋ (ਉਤਪਾਤੀ ਜੀਵ ਦੁਸ਼ਟ ਅਤੇ ਮਲੇਛ ਹਨ। ਇਨ੍ਹਾਂ ਦੇ ਨਾਸ਼ ਹੋਣ ਤੇ ਹੀ ਸੰਸਾਰ ਵਿੱਚ ਸ਼ਾਂਤੀ ਫੈਲਦੀ ਹੈ। ਇਸ ਥਾਂ ਕਿਸੇ ਖਾਸ ਜਾਤੀ ਦਾ ਨਾਂ ਮਲੇਛ ਨਹੀਂ)।

ਜੇ ਅਸਿਧੁਜ ਤਵ ਸਰਨੀ ਪਰੇ॥
ਤਿਨ ਕੇ ਦੁਸ਼ਟ ਦੁਖਿਤ ਹ੍ਵੈ ਮਰੇ॥
ਪੁਰਖ ਜਵਨ ਪਗ ਪਰੇ ਤਿਹਾਰੇ॥
ਤਿਨ ਕੇ ਤੁਮ ਸੰਕਟ ਸਭ ਟਾਰੇ॥੨੧॥

ਹੇ ਅਸਿਧੁਜ (ਅਕਾਲ ਪੁਰਖ ਜੀ ਜਿਨ੍ਹਾਂ ਦੇ ਝੰਡੇ ਉਤੇ ਤਲਵਾਰ ਦਾ ਨਿਸ਼ਾਨ ਹੈ)

ਜੀ! ਜੋ ਤੁਹਾਡੀ ਸ਼ਰਨ ਵਿੱਚ ਆਉਂਦੇ ਹਨ, ਉਨ੍ਹਾਂ ਦੇ ਦੁਸ਼ਟ ਅਥਵਾ ਵੈਰੀ ਦੁਖੀ ਹੋ ਕੇ ਮਰਦੇ ਹਨ। ਜੋ ਪੁਰਖ ਜਾਂ ਪੁਰਸ਼ ਤੁਹਾਡੇ ਪਗ ਅਰਥਾਤ ਪੈਰੀਂ ਆ ਪੈਂਦੇ ਹਨ, ਤਿਨ ਕੇ ਅਥਵਾ ਉਨ੍ਹਾਂ ਦੇ ਸਾਰੇ ਸੰਕਟ ਤੁਸੀਂ ਦੂਰ ਕਰ ਦਿੰਦੇ ਹੋ।

ਜੋ ਕਲਿ ਕੋ ਇਕ ਬਾਰ ਧਿਐ ਹੈ॥
ਤਾ ਕੇ ਕਾਲ ਨਿਕਟਿ ਨਹਿ ਐ ਹੈ॥
ਰੱਛਾ ਹੋਇ ਤਾਹਿ ਸਭ ਕਾਲਾ॥
ਦੁਸਟ ਅਰਿਸਟ ਟਰੇਂ ਤਤਕਾਲਾ॥੨੨॥

ਜਿਹੜੇ ਕਲਿ ਭਾਵ ਅਕਾਲ ਪੁਰਖ ਨੂੰ ਇਕ ਵਾਰੀ ਧਿਆਉਂਦੇ ਹਨ ਉਨ੍ਹਾਂ ਦੇ ਨੇੜੇ ਕਾਲ ਅਰਥਾਤ ਮੌਤ ਦਾ ਤ੍ਰਾਸ ਨਹੀਂ ਆਉਂਦਾ। ਉਨ੍ਹਾਂ ਦੀ ਸਾਰੇ ਕਾਲਾਂ ਭਾਵ ਹਰ ਸਮੇਂ ਰੱਛਾ ਅਰਥਾਤ ਰਖਿਆ ਹੁੰਦੀ ਹੈ ਅਤੇ ਉਨ੍ਹਾਂ ਦੇ ਦੁਸ਼ਟ ਭਾਵ ਵੈਰੀ ਦੁਸ਼ਮਣ ਅਤੇ ਅਰਿਸਟ ਅਰਥਾਤ ਕਸ਼ਟ ਉਸੇ ਵੇਲੇ ਟਰੇਂ ਭਾਵ ਟਲ ਜਾਂ ਦੂਰ ਹੋ ਜਾਂਦੇ ਹਨ।

ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਹੋ॥
ਤਾ ਕੇ ਤਾਪ ਤਨਕ ਮੋ ਹਰਿਹੋ॥
ਰਿੱਧਿ ਸਿੱਧਿ ਘਰ ਮੋ ਸਭ ਹੋਈ॥
ਦੁਸ਼ਟ ਛਾਹ ਛ੍ਵੈ ਸਕੈ ਨ ਕੋਈ॥੨੩॥

ਹੇ ਅਕਾਲ ਪੁਰਖ! ਤੁਸੀਂ ਜਿਸ ਤਨ ਭਾਵ ਵੱਲ ਕ੍ਰਿਪਾ ਦ੍ਰਿਸ਼ਟੀ ਨਾਲ ਨਿਹਰਿਹੋ ਅਰਥਾਤ ਵੇਖਦੇ ਹੋ, ਉਨ੍ਹਾਂ ਦੇ ਸਾਰੇ ਤਾਪ ਅਥਵਾ ਦੁਖ ਤਨਕ ਅਥਵਾ ਛਿਨ ਵਿੱਚ ਹਰਿਹੋ ਭਾਵ ਨਾਸ ਕਰ ਦਿੰਦੇ ਹੋ; ਉਨ੍ਹਾਂ ਦੇ ਘਰ ਵਿੱਚ ਸਭ ਰਿਧੀਆਂ ਸਿਧੀਆਂ ਦੀਆਂ ਬਰਕਤਾਂ ਵਸਣ ਲਗਦੀਆਂ ਹਨ ਤੇ ਕੋਈ ਦੁਸ਼ਟ (ਦੁਸ਼ਮਨ) ਉਨ੍ਹਾਂ ਦੀ ਛਾਇਆ ਨੂੰ ਵੀ ਨਹੀਂ ਛਹੁ ਸਕਦਾ ਅਰਥਾਤ ਨੇੜੇ ਨਹੀਂ ਆ ਸਕਦਾ।

ਏਕ ਬਾਰ ਜਿਨ ਤੁਮੈ ਸੰਭਾਰਾ॥
ਕਾਲ ਫਾਸ ਤੇ ਤਾਹਿ ਉਬਾਰਾ॥
ਜਿਨ ਨਰ ਨਾਮ ਤਿਹਾਰੋ ਕਹਾ॥
ਦਾਰਿਦ ਦੁਸਟ ਦੋਖ ਤੇ ਰਹਾ॥੨੪॥

ਹੇ ਅਕਾਲ ਪੁਰਖ! ਜਿਸ ਨੇ ਇਕ ਵਾਰ ਤੁਹਾਨੂੰ ਸੰਭਾਰਾ ਭਾਵ ਯਾਦ ਕੀਤਾ, ਉਸ ਨੂੰ ਤੁਸੀਂ ਕਾਲ ਫਾਸ ਅਥਵਾ ਕਾਲ ਦੀ ਫਾਹੀ ਤੋਂ ਉਬਾਰਾ ਅਰਥਾਤ ਬਚਾ ਲਿਆ। ਜਿਸ ਆਦਮੀ ਨੇ ਤੁਹਾਡਾ ਨਾਮ ਉਚਾਰ ਦਿੱਤਾ, ਉਹ ਦਾਰਿਦ ਭਾਵ ਦਲਿਦ੍ਰ (ਗਰੀਬੀ), ਦੁਸ਼ਟ (ਵੈਰੀ) ਅਤੇ ਦੋਖ ਅਰਥਾਤ ਦੋਸ਼ ਤੇ ਪਾਪ ਦੇ ਕਲੰਕ ਦੇ ਦੁਖਾਂ ਤੋਂ ਬਚ ਗਿਆ।

ਖੜ੍ਗ ਕੇਤ ਮੈ ਸਰਣਿ ਤਿਹਾਰੀ॥
ਆਪ ਹਾਥ ਦੈ ਲੇਹੁ ਉਬਾਰੀ॥

ਸਰਬ ਠੌਰ ਮੋ ਹੋਹੁ ਸਹਾਈ॥
ਦੁਸਟ ਦੋਖ ਤੇ ਲੇਹੁ ਬਚਾਈ॥੨੫॥

ਹੇ ਖੜਗ ਕੇਤ (ਅਕਾਲ ਪੁਰਖ-ਤਲਵਾਰ ਜਿਸ ਦਾ ਨਿਸ਼ਾਨ ਹੈ। ਖੜਗ=ਤਲਵਾਰ - ਕੇਤ=ਚਿੰਨ੍ਹ, ਗੁਰੂ ਗੋਬਿੰਦ ਸਿੰਘ ਜੀ ਨੇ ਖੜਗ ਨੂੰ ਅਕਾਲ ਪੁਰਖ ਦੇ ਚਿੰਨ੍ਹ ਵਜੋਂ ਨਮਸਕਾਰਿਆ ਹੈ। ਇਹ ਚਿੰਨ੍ਹ ਵੀ ਬੀਰ-ਭਾਵਨਾ ਨੂੰ ਉਜਾਗਰ ਕਰਨ ਦੀ ਇਕ ਮਨੋਵਿਗਿਆਨਿਕ ਵਿਉਂਤ ਹੈ) ਜੀ ! ਮੈਂ ਤੁਹਾਡੀ ਸ਼ਰਨ ਵਿੱਚ ਹਾਂ, ਆਪਣਾ ਹੱਥ ਦੇ ਕੇ ਬਚਾ ਲਵੋ। ਤੁਸੀਂ ਸਰਬ ਠੌਰ ਭਾਵ ਸਭ ਥਾਈਂ ਮੇਰੇ ਸਹਾਈ ਹੋਵੋ ਅਤੇ ਦੁਸ਼ਟਾਂ (ਦੁਸ਼ਮਨਾਂ) ਅਤੇ ਦੋਖਾਂ ਭਾਵ ਦੁਖਾਂ ਤੇ ਪਾਪਾਂ ਤੋਂ ਬਚਾ ਲਉ।

ਭਾਗ ਦੂਜਾ

(ਵਿਚਾਰ ਦਰਸ਼ਨ)

ਪਾ: ੧੦॥ ਕਬਿਯੋ ਬਾਚ ਬੇਨਤੀ ॥ ਚੌਪਈ ॥

੧- ਪਰਿਚਯ : 'ਬੇਨਤੀ ਚੌਪਈ' ਦਾ ਗੁਰਸਿੱਖੀ ਵਿੱਚ ਵਿਸ਼ੇਸ਼ ਸਥਾਨ ਹੈ। ਹਰ ਗੁਰਸਿੱਖ ਨੂੰ ਜਿਨ੍ਹਾਂ ਪੰਜ ਬਾਣੀਆਂ ਦਾ ਹਰ ਰੋਜ਼ ਦੇ ਨਿਤਨੇਮ ਵਿੱਚ ਪਾਠ ਕਰਨ ਦੀ ਹਦਾਇਤ ਹੈ, ਉਹ ਇਹ ਹਨ: ਜਪੁਜੀ, ਜਾਪੁ ਸਾਹਿਬ, ਸਵੱਯੇ (ਸਵੇਰ ਵੇਲੇ ਦਾ ਪਾਠ); ਰਹਿਰਾਸ (ਸੰਧਿਆ ਵੇਲੇ ਦਾ ਪਾਠ); ਸੋਹਿਲਾ (ਰਾਤ ਸੌਣ ਵੇਲੇ ਦਾ ਪਾਠ)। 'ਬੇਨਤੀ ਚੌਪਈ' ਨਿਤਨੇਮ ਦੀ ਬਾਣੀ 'ਸੋ ਦਰੁ ਰਹਿਰਾਸ' ਜੋ ਸੰਧਿਆ ਵੇਲੇ ਪੜ੍ਹੀ ਜਾਂਦੀ ਹੈ, ਦਾ ਅੰਗ ਹੈ। ਅੰਮ੍ਰਿਤ ਤਿਆਰ ਕਰਨ ਵੇਲੇ ਵੀ ਜਿਨ੍ਹਾਂ ਪੰਜ ਬਾਣੀਆਂ : 'ਜਪੁ' ਜੀ, 'ਜਾਪੁ' ਸਾਹਿਬ, 'ਸਵੱਯੇ' (ਸ੍ਰਾਵਗ ਸੁਧ ਵਾਲੇ), ਬੇਨਤੀ ਚੌਪਈ 'ਹਮਰੀ ਕਰੋ ਹਾਥ ਦੈ ਰੱਛਾ ਤੋਂ ਲੈ ਕੇ ਦੁਸਟ ਦੋਖ ਤੇ ਲੇਹੁ ਬਚਾਈ' ਤੱਕ ਅਤੇ 'ਅਨੰਦ' ਸਾਹਿਬ ਦਾ ਪਾਠ ਕੀਤਾ ਜਾਂਦਾ ਹੈ, ਉਨ੍ਹਾਂ ਅੰਮ੍ਰਿਤ ਦੀਆਂ ਬਾਣੀਆਂ ਵਿੱਚ ਵੀ ਇਹ ਬਾਣੀ ਸ਼ਾਮਿਲ ਹੈ। ਇਸ ਤਰ੍ਹਾਂ 'ਬੇਨਤੀ ਚੌਪਈ' ਦਾ ਰੋਜ਼ਾਨਾ ਨਿਤਨੇਮ ਦੀ ਬਾਣੀ 'ਰਹਿਰਾਸ' ਸਾਹਿਬ ਦਾ ਅੰਗ ਅਤੇ ਅੰਮ੍ਰਿਤ ਬਾਣੀ ਹੋਣ ਕਰਕੇ ਖਾਸ ਮਹਤੱਵ ਹੈ।

ਗਿਆਨੀ ਨਰੈਣ ਸਿੰਘ ਜੀ ਨੇ 'ਸ੍ਰੀ ਦਸਮ ਗ੍ਰੰਥ ਸਾਹਿਬ ਸਟੀਕ (ਸੈਂਚੀ ਦਸਵੀਂ)' ਦੇ ਪੰਨਾ ੧੫੦ ਉਤੇ ਲਿਖਿਆ ਹੈ ਕਿ 'ਬੇਨਤੀ ਚੌਪਈ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਊਨੇ ਤਹਿਸੀਲ ਦੇ ਇਕ ਪਿੰਡ ਬਿਭੌਰ ਦੇ ਕੋਲ ਸਤਿਲੁਜ ਦਰਿਆ ਦੇ ਕੰਢੇ ਉਚਾਰਨ ਕੀਤੀ ਸੀ। ਗੁਰੂ ਕਲਗੀਧਰ ਜੀ ਬਿਭੌਰ ਦੇ ਰਾਜੇ ਦਾ ਪ੍ਰੇਮ ਵੇਖ ਕੇ ਕਾਫ਼ੀ ਸਮਾਂ ਇੱਥੇ ਬਿਰਾਜੇ ਸਨ। ਏਥੇ ਹੁਣ ਬੜਾ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ, ਇਸ ਗੁਰਦੁਆਰੇ ਦਾ ਨਾਮ ਚੌਪਈ ਸਾਹਿਬ (ਬਿਭੌਰ) ਹੈ।

'ਬੇਨਤੀ ਚੌਪਈ' 'ਦਸਮ ਗ੍ਰੰਥ' ਵਿੱਚ ਚਰਿਤ੍ਰੋਪਖਯਾਨ ਦੇ 'ਸਬੁੱਧਿ ਬਾਚ॥ਚੌਪਈ॥' ਦੇ ਅੰਤ ਵਿੱਚ ਪੰਨਾ ੧੩੫੬ ਉਤੇ ਚੌਪਈ ਛੰਦ ਨੰ. ੩੭੭ ਤੋਂ ਸ਼ੁਰੂ ਹੋ ਕੇ ਛੰਦ ਨੰ. ੪੦੧ ਤੱਕ ਅੰਕਿਤ ਹੈ। ਇਸ ਚਰਿਤ੍ਰ ਵਿੱਚ ਸ੍ਰੀ ਅੰਸਿਧੁਜ ਜੀ ਦੀ ਰਾਕਸ਼ਾਂ ਨਾਲ ਜੁੱਧ ਦੀ ਕਥਾ ਅੰਕਿਤ ਹੈ, ਜਿਸ ਵਿੱਚ ੩੭੫ਵੀਂ ਚੌਪਈ ਤੋਂ ਅੱਗੇ ਰਾਕਸ਼ਾਂ ਦੇ ਰਾਜੇ ਸਵਾਸਬੀਜ ਤੇ ਅਤੁੱਲ ਬੀਜ ਦੀ ਮੌਤ ਹੋ ਜਾਣ ਤੇ ਜੁੱਧ ਸਮਾਪਤ ਹੋ ਜਾਣ ਉਪਰੰਤ ੩੭੬ਵੀਂ ਚੌਪਈ ਵਿੱਚ ਸ੍ਰੀ ਅਸਿਧੁਜ ਮਹਾਕਾਲ ਦਾ ਧੰਨਵਾਦ - ਧੰਨਯ ਧੰਨਯ ਲੋਗਨ ਕੇ ਰਾਜਾ' ਕਹਿਕੇ ਕੀਤਾ ਗਿਆ ਹੈ। ਇਸ ਤੋਂ

ਅੱਗੇ ਛੰਦ ੩੭੭ ਤੋਂ 'ਬੇਨਤੀ ਚੌਪਈ' ਸ਼ੁਰੂ ਹੋ ਜਾਂਦੀ ਹੈ। ਇਹ ਬਾਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਤ 'ਸੁੰਦਰ ਗੁਟਕਾ' ਵਿੱਚ ਸ਼ਾਮਲ ਹੈ।

ਸ. ਭਾਗਵੰਤ ਅਤਰ ਸਿੰਘ ਜੀ ਕਸ਼ਮੀਰ ਵਾਲਿਆਂ ਨੇ ਆਪਣੀ ਪੁਸਤਕ 'ਕਬਿਯੋਬਾਚ ਬੇਨਤੀ ਚੌਪਈ-ਪਾਤਿਸ਼ਾਹੀ ੧੦ ਸਟੀਕ' ਜੋ 'ਗੁਰਬਾਣੀ ਇਸੁ ਜਗੁ ਮਹਿ ਚਾਨਣੁ' ਸੰਸਥਾ (ਰਜਿ.), ਮੋਹਾਲੀ ਵੱਲੋਂ ਪ੍ਰਕਾਸ਼ਤ ਹੋਈ ਹੈ, ਦੀ ਭੂਮਿਕਾ ਵਿੱਚ ਇਸ ਬਾਣੀ ਦੇ ਮਹੱਤਵ ਨੂੰ ਉਜਾਗਰ ਕਰਦਿਆਂ ਲਿਖਿਆ ਹੈ ਕਿ 'ਬੇਨਤੀ ਚੌਪਈ' ਬਾਣੀ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਸਨਾ ਤੋਂ ਉਚਾਰੀ ਹੋਈ ਹੈ। ਇਹ ਅਕਾਲ ਪੁਰਖ ਦੇ ਚਰਨਾਂ ਵਿੱਚ ਬੇਨਤੀ ਦੇ ਰੂਪ ਵਿੱਚ ਉਚਾਰੀ ਗਈ ਹੈ। ਇਸ ਬਾਣੀ ਦਾ ਪਿਆਰ ਸਤਿਕਾਰ ਗੁਰੂ ਜੀ ਦੇ ਉਸ ਜ਼ਿਰਾ ਬਖਤਰ ਤੋਂ ਲਗਦਾ ਹੈ ਜੋ ਦਸ਼ਮੇਸ਼ ਪਿਤਾ ਮੈਦਾਨਿ ਜੰਗ ਵਿੱਚ ਪਹਿਨ ਕੇ ਉਤਰਦੇ ਸਨ। ਇਸ ਜ਼ਿਰਾ ਬਖਤਰ ਦੇ ਦਰਸ਼ਨ ਦਾਸ (ਸ. ਭਾਗਵੰਤ ਅਤਰ ਸਿੰਘ) ਨੂੰ ੨੧, ੨੨, ੨੩ ਅਕਤੂਬਰ, ੧੯੪੯ ਦੀ ਸਿੱਖ ਐਜੂਕੇਸ਼ਨ ਕਾਨਫਰੰਸ ਜੋ ਪਟਿਆਲਾ ਵਿਖੇ ਹੋਈ ਸੀ, ਵੇਲੇ ਹੋਏ ਜਦ ਦਸ਼ਮੇਸ਼ ਪਿਤਾ ਨਾਲ ਸੰਬੰਧਿਤ ਅਨੇਕ ਇੱਕਠੀਆਂ ਕੀਤੀਆਂ ਵਸਤੂਆਂ ਦੀ ਪ੍ਰਦਰਸ਼ਨੀ ਲਵਾਈ ਗਈ ਸੀ। ਇਹ ਹੁਣ ਵੀ ਪਟਿਆਲੇ ਦੇ ਰਾਖਵੇਂ ਭੰਡਾਰ, ਜੋ ਕਿੱਲਾ ਬਹਾਦਰਗੜ੍ਹ ਵਿੱਚ ਹੈ, ਸੁਰਖਸ਼ਿਤ ਪਈ ਹੋਈ ਹੈ। ਇਹ ਇਕ ਜ਼ਿਰਾ ਬਖਤਰ ਦਾ ਕੋਟ ਅਤੇ ਬਾਹਵਾਂ ਹਨ, ਜਿਸ ਉਤੇ ਬੜੀ ਖੂਬਸੂਰਤੀ ਨਾਲ ਚੌਪਈ ਸਾਹਿਬ ਦੀ ਬਾਣੀ ਉਕਰੀ ਹੋਈ ਹੈ। ਇਸ ਤੋਂ ਸਿਧ ਹੁੰਦਾ ਹੈ ਕਿ ਦਸ਼ਮੇਸ਼ ਪਿਤਾ ਜੀ ਕਿਤਨੇ ਸਤਿਕਾਰ, ਪਿਆਰ ਨਾਲ ਅਕਾਲ ਪੁਰਖ ਅੱਗੇ ਬੇਨਤੀ ਕਰਕੇ ਤੇ ਵਿਸ਼ਵਾਸ਼ ਰਖਕੇ ਹਰ ਮੈਦਾਨ ਵਿਚ ਫ਼ਤਹਿ ਪਾਂਦੇ ਸਨ।

ਸਿੱਖ ਪਰੰਪਰਾ ਵਿੱਚ ਇਹ ਧਾਰਣਾ ਸਵੀਕ੍ਰਿਤ ਹੈ ਕਿ 'ਬੇਨਤੀ ਚੌਪਈ' ਦਾ ਇਕ-ਚਿਤ ਹੋ ਕੇ ਪਾਠ ਕਰਨ ਨਾਲ ਪਰਵਾਰ ਵਿੱਚ ਤਾਪ, ਪਾਪ, ਸੰਤਾਪ ਸਾਰੇ ਦੂਰ ਹੋ ਜਾਂਦੇ ਹਨ ਅਤੇ ਖੁਸ਼ੀਆਂ ਪ੍ਰਾਪਤ ਹੁੰਦੀਆਂ ਹਨ। ਇਸ ਬਾਣੀ ਦੇ ਪਾਠ ਨਾਲ ਵਿਘਨਾਂ ਅਤੇ ਦੁਖਾਂ ਤੋਂ ਨਿਜਾਤ ਹਾਸਿਲ ਹੁੰਦੀ ਹੈ, ਸੁਖ ਘਰ ਆ ਵਸਦਾ ਹੈ ਅਤੇ ਕਲਹ ਕਲੇਸ਼ ਦੂਰ ਹੋ ਜਾਂਦਾ ਹੈ। ਇਸ ਬਾਣੀ ਦੇ ਪਾਠ ਨਾਲ ਚੜ੍ਹਦੀ ਕਲਾ ਤੇ ਉਤਸ਼ਾਹ ਦੀ ਬਖਸ਼ਿਸ਼ ਹੁੰਦੀ ਹੈ।

੨. ਪਿਛੋਕੜ : 'ਬੇਨਤੀ ਚੌਪਈ' ਬਾਣੀ ਦੇ ਵਿਚਾਰ ਦਰਸ਼ਨ ਨੂੰ ਵਿਚਾਰਣ ਲਈ ਇਸ ਰਚਨਾ ਦੇ ਪਿਛੋਕੜ ਦੀ ਜਾਣਕਾਰੀ ਜ਼ਰੂਰੀ ਹੈ।

(ੳ) ਅਰਬ ਦੇਸ਼ ਦੇ ਸ਼ਹਿਰ ਮੱਕਾ ਸ਼ਰੀਫ ਵਿੱਚ ਜਨਮੇ ਇਸਲਾਮ ਧਰਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਦਾ ਦੇਹਾਂਤ ਸੰਨ ੬੩੨ ਵਿੱਚ ਹੋਇਆ ਸੀ। ਉਨ੍ਹਾਂ ਦੇ ਪਿੱਛੋਂ ਇਸਲਾਮ ਦੀ ਵਾਗ-ਡੋਰ ਖ਼ਲੀਫ਼ਿਆਂ ਦੇ ਹੱਥ ਆਈ। ਖ਼ਲੀਫ਼ਿਆਂ

ਦੇ ਉਦਮ ਨਾਲ ਇਕ ਸੌ ਵਰ੍ਹੇ ਦੇ ਅੰਦਰ ਅੰਦਰ ਇਸਲਾਮ ਦਾ ਝੰਡਾ ਇਕ ਪਾਸੇ ਮਿਸਰ, ਉੱਤਰ ਅਫਰੀਕਾ, ਸਪੇਨ ਅਤੇ ਦੂਜੇ ਪਾਸੇ ਸੀਰੀਆ, ਫ਼ਾਰਸ, ਅਫਗਾਨਿਸਤਾਨ ਆਦਿ ਦੇਸ਼ਾਂ ਤੇ ਝੂਲਣ ਲਗ ਪਿਆ। ਅਠਵੀਂ ਸਦੀ ਵਿੱਚ ਬਸਰੇ ਦੇ ਹਾਕਮ ਹੱਜਾਸ ਦਾ ਸੈਨਾਪਤੀ ਮੁਹੰਮਦ-ਬਿਨ-ਕਾਸਮ ਖ਼ਲੀਫ਼ਾ ਵਲੀਦ ਦੀ ਆਗਿਆ ਨਾਲ ੨੧ ਜੂਨ, ੭੧੨ ਈ. ਨੂੰ ਮੁਕਰਾਨ ਅਤੇ ਬਲੋਚਿਸਤਾਨ ਤੋਂ ਹੁੰਦਾ ਹੋਇਆ ਭਾਰਤ ਤੇ ਹਮਲਾਵਰ ਹੋਇਆ। ਉਸ ਨੇ ਰਾਜਾ ਦਾਹਿਰ ਨੂੰ ਜਿੱਤ ਕੇ ਸਾਰੇ ਸਿੰਧ ਤੇ ਕਬਜ਼ਾ ਕਰ ਲਿਆ। ਪਰ ਰਾਜਪੂਤਾਂ ਨੇ ਉਸ ਦਾ ਇਹ ਰਾਜ ਛੇਤੀ ਹੀ ਸਮਾਪਤ ਕਰ ਦਿੱਤਾ। ਇਸ ਦੇ ਪਿੱਛੋਂ ੯੮੬ ਈ. ਤੋਂ ਲੈ ਕੇ ਮਾਮੂ-ਰਸ਼ੀਦ ਸੁਬੁਕਤਗੀਨ ਅਤੇ ਮੁਹੰਮਦ ਗਜ਼ਨਵੀ ਨੇ ਉੱਤਰ ਪੱਛਮ ਵੱਲੋਂ ਕਈ ਹਮਲੇ ਕਰਕੇ ਹਿੰਦੁਸਤਾਨ ਦੀ ਦੌਲਤ ਅਤੇ ਹੁਸਨ ਗੱਡੇ ਭਰ ਭਰ ਲੁੱਟਿਆ। ਹਿੰਦੁਸਤਾਨ ਤੇ ਮੁਸਲਮਾਨਾ ਦਾ ਰਾਜ ਸ਼ਹਾਬੁਦ-ਦੀਨ ਗੌਰੀ ਨੇ ੧੧੯੨ ਈ. ਵਿੱਚ ਪ੍ਰਿਥਵੀ ਰਾਜ ਚੌਹਾਨ ਨੂੰ ਹਰਾ ਕੇ ਸਥਾਪਤ ਕੀਤਾ। ਉਸ ਨੇ ਆਪਣੇ ਗੁਲਾਮ ਕੁਤਬਕ-ਦੀਨ-ਐਬਕ ਨੂੰ ਦਿੱਲੀ ਦੀ ਗੱਦੀ ਸੌਂਪ ਦਿੱਤੀ। ਗੁਲਾਮਾਂ ਦੇ ਇਸ ਖ਼ਾਨਦਾਨ ਪਿੱਛੋਂ ਖਿਲਜੀ ਖ਼ਾਨਦਾਨ, ਫਿਰ ਤੁਗਲਕਾਂ, ਉਸ ਤੋਂ ਮਗਰੋਂ ਲੋਧੀ ਖ਼ਾਨਦਾਨ ਦੇ ਬਾਦਸ਼ਾਹ ਇਬਰਾਹੀਮ ਤੋਂ ਜਹੀਰੁ-ਦੀਨ ਬਾਬਰ ਨੇ ਦਿੱਲੀ ਦਾ ਰਾਜ ਖੋਹ ਲਿਆ। ਬਾਬਰ ਦੇ ਪੁੱਤਰ ਹਮਾਯੂੰ ਤੋਂ ਕਰੀਬ ਦਸ ਸਾਲ ਲਈ ਸ਼ੇਰਸ਼ਾਹ ਸੂਰੀ ਨੇ ਰਾਜ ਖੋਹੀ ਰਖਿਆ, ਪਰ ਮਗਰੋਂ ਮੁਗਲੀਆ ਰਾਜ ਦੀ ਪਕੜ ਅਜਿਹੀ ਪੱਕੀ ਹੋਈ ਕਿ ਦੋ ਸਦੀਆਂ ਤੋਂ ਵੱਧ ਸਮੇਂ ਤੱਕ ਹਿੰਦੁਸਤਾਨ ਵਿੱਚ ਇਸਲਾਮ ਦਾ ਝੰਡਾ ਝੁਲਦਾ ਰਿਹਾ।

(ਅ) ਸੰਨ ੭੧੨ ਤੋਂ ਹੀ ਹਿੰਦੁਸਤਾਨ ਵਿੱਚ ਹਿੰਦੂਆਂ ਤੇ ਇਥੋਂ ਦੇ ਹੋਰ ਲੋਕਾਂ ਉਤੇ ਮੁਸਲਮਾਨਾਂ ਦੇ ਜਬਰ ਦਾ ਭੈ ਬੈਠਣਾ ਸ਼ੁਰੂ ਹੋ ਗਿਆ ਸੀ। ਮੁਸਲਮਾਨ ਹਮਲਾਵਰਾਂ ਨੇ ਇਥੋਂ ਦੀ ਦੌਲਤ ਦੇ ਨਾਲ ਭਾਰਤੀ ਇਸਤ੍ਰੀਆਂ ਅਤੇ ਸੁਨੱਖੇ ਮੁੰਡਿਆਂ ਨੂੰ ਗੁਲਾਮ ਬਣਾ ਕੇ ਇਨ੍ਹਾਂ ਦਾ ਵਪਾਰ ਇਸਲਾਮੀ ਦੇਸ਼ਾਂ ਦੀਆਂ ਮੰਡੀਆਂ ਵਿੱਚ ਸੈਂਕੜੇ ਸਾਲ ਕੀਤਾ। ੧੧੯੨ ਵਿੱਚ ਮੁਸਲਮਾਨੀ ਰਾਜ ਦੀ ਮਜ਼ਬੂਤ ਸਥਾਪਤੀ ਨਾਲ ਹਿੰਦੂਆਂ ਨੂੰ ਕਾਫ਼ਰ ਕਰਾਰ ਕਰ ਦਿੱਤਾ ਗਿਆ ਅਤੇ ਸਰਕਾਰ ਨੇ ਹਿੰਦੂਆਂ ਨੂੰ ਇਸਲਾਮ ਵਿੱਚ ਸ਼ਾਮਲ ਕਰਨ ਲਈ ਬੜੇ ਘਿਣਾਉਣੇ ਅਤਿਆਚਾਰ ਸ਼ੁਰੂ ਕਰ ਦਿੱਤੇ। ਹਿੰਦੂਆਂ ਨੂੰ ਕਾਫ਼ਰ ਕਹਿੰਦਿਆਂ ਭਿਆਨਕ ਸਜ਼ਾਵਾਂ ਸੁਣਾਉਣ ਵਾਲੇ ਸ਼ਰਈ ਮੌਲਾਣੇ, ਪਠਾਣ, ਖ਼ਾਨ, ਸੱਯਦ ਆਦਿ ਹਿੰਦੂਆਂ ਲਈ ਦੈਂਤ ਬਣ ਗਏ ਸਨ। ਹਿੰਦੂਆਂ ਲਈ ਇਸਲਾਮ ਧਰਮ ਕਬੂਲ ਕਰਨ ਅਤੇ ਜਾਂ ਤਸੀਹਾਂ ਭਰੀ ਮੌਤ ਦੇ ਹੁਕਮ ਨਿਤ ਜਾਰੀ ਹੁੰਦੇ ਸਨ। ਮੁਗਲਾਂ, ਪਠਾਣਾਂ, ਸੱਯਦਾਂ ਦਾ ਭੈ ਕਈ ਪੀੜ੍ਹੀਆਂ ਤੱਕ ਰਹਿਣ ਦੇ ਕਾਰਨ ਹਿੰਦੂਆਂ ਵਿੱਚ ਅਣਖ-ਹੀਣਤਾ ਤੇ ਡਰੂ ਸੰਸਕਾਰ ਡੂੰਘੇ ਘਰ ਕਰ ਚੁਕੇ ਸਨ। ਮੁਸਲਮਾਨ ਹਾਕਮਾਂ ਦੇ ਰਾਜਸੀ ਤੇ ਧਾਰਮਿਕ ਆਤੰਕ ਹੇਠਾਂ

ਪਿਸ ਰਹੀ ਹਿੰਦੂ ਜਨਤਾ ਆਪਣੀ ਨਿਤਾਣਤਾ ਨੂੰ ਦੇਖ ਕੇ ਬੇਬਸੀ ਮਹਿਸੂਸ ਕਰਦੀ ਸੀ ਅਤੇ ਇਸ ਬੇਬਸੀ ਦੀ ਅਵਸਥਾ ਵਿੱਚ ਟੁੱਟੇ ਦਿਲ ਤੇ ਡਿਗੇ ਹੌਂਸਲੇ ਨਾਲ ਦਿਨ ਕਟੀ ਕਰ ਰਹੀ ਸੀ।

(ਏ) ਇਸ ਦੇ ਨਾਲ ਹਜ਼ਾਰਾਂ ਸਾਲਾਂ ਤੋਂ ਬ੍ਰਾਹਮਣੀ ਕਰਮ-ਕਾਂਡਾਂ ਤੇ ਧਾਰਮਿਕ ਭਰਮਾਂ ਦੇ ਜੂਲੇ ਨੇ ਇਥੋਂ ਦੇ ਲੋਕਾਂ ਨੂੰ ਅਗਿਆਨੀ, ਨਿਰੋਲ ਭੇਖਾਂ ਤੇ ਝੂਠ ਦਾ ਪੁਜਾਰੀ ਅਤੇ ਅਨੇਕ ਪ੍ਰਕਾਰ ਦੇ ਭਰਮਾਂ ਤੇ ਵਹਿਮਾਂ ਦਾ ਭੰਡਾਰ ਬਣਾ ਦਿੱਤਾ ਹੋਇਆ ਸੀ।

(ਸ) ਅਜਿਹੀ ਸਥਿਤੀ ਵਿੱਚ ਅਣਖਹੀਣ, ਡਰਪੋਕ ਅਤੇ ਇਕ ਤਰ੍ਹਾਂ ਭੇਡਾਂ ਦਾ ਵੱਗ ਬਣ ਚੁੱਕੇ ਭਾਰਤੀਆਂ ਨੂੰ ਨਿਰੋਲ ਸੱਚ ਨਾਲ ਜੋੜ ਕੇ ਸੰਤ ਸੂਰਮਾ ਬਣਾਉਣ ਲਈ ਸਤਿਗੁਰੂ ਨਾਨਕ ਦੇਵ ਜੀ ਨੇ ਪੰਦਰ੍ਹਵੀਂ ਸਦੀ ਦੇ ਸ਼ੁਰੂ ਵਿੱਚ ਬੜੀ ਅਨੋਖੀ ਘਾਲਣਾ ਘਾਲ ਕੇ ਨਿਆਰਾ ਨਿਰਮਲ ਪੰਥ ਚਲਾਇਆ। ਮਨੁਖ ਨੂੰ ਜਿਸ ਉੱਚੀ ਪੱਧਰ ਤੇ ਲੈ ਜਾਣਾ ਸੀ, ਉਸ ਟੀਚੇ ਦੀ ਪ੍ਰਾਪਤੀ ਲਈ ਸਤਿਗੁਰਾਂ ਨੇ ਰੱਬੀ ਗਿਆਨ ਦੇ ਭੰਡਾਰ ਤੇ ਦੈਵੀ ਜੀਵਨ ਮਰਯਾਦਾ ਦੀ ਸਿਖਲਾਈ ਦੀ ਲਿਖਤੀ ਰੂਪ-ਰੇਖਾ ਤਿਆਰ ਕਰ ਲੈਣ ਉਪਰੰਤ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ' ਵਾਲਾ ਕੌਤਕ ਵਰਤਾਉਣਾ ਜ਼ਰੂਰੀ ਸਮਝਿਆ। ਸਿੱਖੀ ਦੇ ਨਿਰਮਲ ਪੰਥ ਦੀ ਅਗਵਾਨੀ ਸੰਨ ੧੫੩੯ ਤੱਕ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਕਰਦੇ ਰਹੇ। ਅੱਗੋਂ ਇਹ ਕਾਰਜ ਬਾਬਾ ਲਹਿਣਾ ਜੀ ਨੂੰ ਸੌਂਪਣ ਲਈ ਉਨ੍ਹਾਂ ਨੇ ਆਪਣਾ ਹੀ ਰੂਪ ਗੁਰੂ ਅੰਗਦ ਦੇਵ ਸਾਹਿਬ ਬਣਾਇਆ। ਇਵੇਂ ਇਹੋ ਜੋਤਿ ਜੁਗਤਿ ਨੌਂ ਜਾਮਿਆਂ ਤੋਂ ਬਾਅਦ ਦਸਵੇਂ ਪ੍ਰਕਾਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿੱਚ ਪ੍ਰਵੇਸ਼ ਕੀਤੀ। ਉਨ੍ਹਾਂ ਨੇ ਪਹਿਲੇ ਸਰੂਪ ਤੋਂ ਸਿਰਜੇ ਨਿਰਮਲ ਪੰਥ ਨੂੰ ਅੰਤਮ ਛੋਹਾਂ ਦਿੱਤੀਆਂ ਅਤੇ ਇਸ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਖਾਲਸਾ ਪੰਥ ਵਿੱਚ ਪਰਿਵਰਤਤ ਕਰ ਦਿੱਤਾ।

(ਹ) ਗੁਰੂ ਨਾਨਕ ਦੇਵ ਜੀ ਨੇ ਏਮਨਾਬਾਦ ਵਿੱਚ ਬਾਬਰ ਦੇ ਹਮਲੇ ਸਮੇਂ ਅਨਿਆਂ ਤੇ ਜਬਰ ਹੇਠ ਨਪੀੜੀ ਜਾ ਰਹੀ ਲੋਕਾਈ ਨੂੰ ਵੇਖ ਕੇ ਜਦ ਰੱਬ ਦੇ ਦਰ ਸੁਰਤ ਜੋੜੀ ਤਾਂ ਉਨ੍ਹਾਂ ਦੀ ਚੇਤਨਤਾ ਵਿੱਚ ਪੱਕਾ ਨਿਸ਼ਚਾ ਉਗਮਿਆ ਕਿ ਸਾਰੀ ਸ੍ਰਿਸ਼ਟੀ ਨੂੰ ਦੇਖ ਰਿਹਾ ਤੇ ਆਪਣੇ ਪ੍ਰਬੰਧ ਨੂੰ ਚਲਾ ਰਿਹਾ ਕਰਤਾਰ ਅੱਵਸ਼ ਅਨਿਆਂ ਤੇ ਜਬਰ ਨੂੰ ਦੂਰ ਕਰੇਗਾ ਕਿਉਂਕਿ ਉਹ ਪ੍ਰਭੂ ਸੱਚਾ ਨਿਆਂਕਾਰ ਹੈ :

ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥
ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥
ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥
ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥

ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥
ਸਚ ਕੀ ਬਾਣੀ ਨਾਨਕ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥

(ਤਿਲੰਗ ਮ. ੧, ਪੰਨਾ ੭੨੩)

ਗੁਰੂ ਨਾਨਕ ਦੇ ਦੇਵ ਜੀ ਨੇ ਸਮਝਾਇਆ ਕਿ ਰੱਬ ਬੇਪ੍ਰਵਾਹ ਜ਼ਰੂਰ ਹੈ, ਉਸ ਦੇ ਮੰਤਵਾਂ ਤੇ ਕੰਮਾਂ ਦੀ ਮਨੁਖ ਨੂੰ ਸਮਝ ਆਉਂਦੀ ਵੀ ਔਖੀ ਹੈ, ਪਰ ਫਿਰ ਵੀ ਵਿਸ਼ਵਾਸ਼ ਕੀਤਾ ਜਾ ਸਕਦਾ ਹੈ ਕਿ ਉਸ ਦੀ ਰਚੀ ਸ੍ਰਿਸ਼ਟੀ ਵਿੱਚ ਨਿਆਂ ਮੌਜੂਦ ਹੈ। ਜਦ ਤੱਕ ਜ਼ਿੰਦਗੀ ਦੇ ਅੰਤਮ ਨਿਆਂ ਉਤੇ ਨਿਸਚਾ ਨਾ ਬੱਝੇ, ਮਨੁਖ ਦਾ ਜੀਵਨ ਡਾਵਾਂਡੋਲ ਰਹਿੰਦਾ ਹੈ। ਚੜ੍ਹਦੀਆਂ ਕਲਾ ਵਾਲਾ ਜੀਵਨ ਬਿਤਾਉਣ ਲਈ ਰੱਬ ਦੇ ਨਿਆਂ ਉਤੇ ਵਿਸ਼ਵਾਸ਼ ਰਖਣਾ ਜ਼ਰੂਰੀ ਹੈ।

ਦੁਖੀ ਭਾਰਤੀ ਲੁਕਾਈ ਨੂੰ ਢਾਰਸ ਦੇ ਕੇ ਮੁੜ ਉਤਸ਼ਾਹ ਵਿੱਚ ਲਿਆਉਣ ਲਈ ਗੁਰੂ ਨਾਨਕ ਦੇਵ ਜੀ ਨੇ ਰੱਬ ਦੇ ਨਿਆਂ ਦਾ ਐਲਾਨ ਉੱਚੀ ਸੁਰ ਵਿੱਚ ਕੀਤਾ। ਉਨ੍ਹਾਂ ਇਹ ਦ੍ਰਿੜ੍ਹ ਕਰਾਇਆ ਕਿ ਚਾਰੇ ਪਾਸਿਓਂ ਨਿਰਾਸ਼ ਹੋ ਚੁਕੇ ਮਨਾਂ ਵਿੱਚ ਅਰਦਾਸ ਦੁਆਰਾ ਆਸ ਦੀ ਜੋਤ ਮੁੜ ਪ੍ਰਜਵਲਤ ਹੋ ਸਕਦੀ ਹੈ। ਪਰ ਰੱਬ ਦੀ ਟੇਕ ਧਾਰਨ ਲਈ ਵੀ ਪੱਕੇ ਦਿਲ ਦੀ ਲੋੜ ਹੈ। ਇਹ ਪਕਿਆਈ ਤਾਂ ਹੀ ਪੈਦਾ ਹੁੰਦੀ ਹੈ, ਜੇ ਦਿਮਾਗ਼ ਵਿੱਚ ਵਿਸ਼ਵਾਸ਼ ਹੋਵੇ ਕਿ ਸ੍ਰਿਸ਼ਟੀ ਵਿੱਚ ਅੰਤਮ ਤੌਰ ਤੇ ਨਿਆਂ ਮੌਜੂਦ ਹੈ ਭਾਵ ਰੱਬ ਦੇ ਘਰ ਦੇਰ ਹੈ, ਹਨੇਰ ਨਹੀਂ। ਇਹੋ ਨਿਸ਼ਚਾ ਬਾਕੀ ਗੁਰੂ ਜੋਤਾਂ ਨੇ ਆਪਣੀ ਸਿਖਿਆ ਤੇ ਜੀਵਨ ਦੁਆਰਾ ਲੋਕਾਂ ਦੇ ਸਾਹਮਣੇ ਰਖਿਆ।

(ਕ) ਗੁਰੂ ਗੋਬਿੰਦ ਸਿੰਘ ਜੀ ਦਾ ਤਾਂ ਹਰ ਅਵਸਥਾ ਵਿੱਚ ਅਤੇ ਵਡੇ ਤੋਂ ਵਡੇ ਸੰਕਟ ਕਾਲ ਵਿੱਚ ਚੜ੍ਹਦੀਆਂ ਕਲਾ ਵਿੱਚ ਵਿਚਰਨ ਦਾ ਭੇਤ ਵੀ ਅਕਾਲ ਪੁਰਖ ਵਿੱਚ ਪੂਰਨ ਵਿਸ਼ਵਾਸ਼ ਹੀ ਸੀ। ਗੁਰੂ ਦਸ਼ਮੇਸ਼ ਜੀ ਦਾ ਸਾਰਾ ਜੀਵਨ ਦੁਖਾਂਤ ਦੇ ਡੂੰਘੇ ਸਾਗਰਾਂ ਦੇ ਕੰਢਿਆਂ ਉਤੇ ਬੀਤਿਆ, ਪਰ ਕਦੇ ਵੀ ਉਨ੍ਹਾਂ ਦਾ ਹਿਰਦਾ ਨਿਰਾਸ਼ਤਾ ਵਿੱਚ ਨਹੀਂ ਸੀ ਡੁਬਿਆ। ਜਿਹੋ ਜਿਹੇ ਦੀਰਘ ਸੰਕਟਾਂ ਵਿੱਚ ਉਹ ਬਾਰ-ਬਾਰ ਘਿਰਦੇ ਰਹੇ, ਉਨ੍ਹਾਂ ਵਿੱਚ ਵਡੇ-ਵਡੇ ਸੂਰਮਿਆਂ ਦਾ ਹੌਂਸਲਾ ਡਿਗ ਪੈਣਾ ਕੋਈ ਵੱਡੀ ਗੱਲ ਨਹੀਂ ਹੁੰਦੀ। ਦਿੱਲੀ ਤੇ ਲਾਹੌਰ ਦੇ ਐਨ ਵਿਚਕਾਰ ਕਿੱਲ੍ਹਾ ਗੱਡ ਕੇ ਉਹ ਬੈਠ ਗਏ। ਭਾਰਤੀ ਇਤਿਹਾਸ ਦੇ ਇਕ ਅਤੀ ਸ਼ਕਤੀਸ਼ਾਲੀ ਮੁਗਲ ਸਮਰਾਟ ਔਰੰਗਜ਼ੇਬ ਨੂੰ ਵੰਗਾਰ ਪਾਉਣ ਤੋਂ ਉਨ੍ਹਾਂ ਨੂੰ ਰਤੀ ਸੰਕੋਚ ਪ੍ਰਤੀਤ ਨਾ ਹੋਇਆ। ਮੁਠੀ ਭਰ ਸਿੱਖਾਂ ਨੂੰ ਨਾਲ ਲੈ ਕੇ ਉਹ ਬਾਰ ਬਾਰ ਦੇਸ਼ ਦੇ ਹਾਕਮਾਂ ਸਾਹਮਣੇ ਤਣ ਖਲੋਂਦੇ ਰਹੇ। ਪਹਾੜੀ ਰਾਜੇ ਜੋ ਉਨ੍ਹਾਂ ਦੇ ਗੁਆਂਢੀ ਸਨ, ਨਾਲ ਮਥਾ ਲਾਉਣ ਲਗਿਆਂ ਉਹ ਜ਼ਰੂਰ ਸਮਝਦੇ ਹੋਣਗੇ ਕਿ ਅੰਤ ਇਹ ਜਾਗੀਰਦਾਰ ਰਾਜੇ ਮੁਗਲ ਸਾਮਰਾਜ ਦੀ ਸਹਾਇਤਾ ਮੰਗਣਗੇ ਤੇ ਉਨ੍ਹਾਂ ਦੀ ਟੱਕਰ ਮੁਗਲ ਹਕੂਮਤ

ਨਾਲ ਹੋਵੇਗੀ। ਇਸ ਸੰਭਾਵਨਾ ਦੇ ਖਿਆਲ ਨੇ ਉਨ੍ਹਾਂ ਦੇ ਪੈਰ ਨਾ ਪਿਛਾਂਹ ਪਾਏ ਅਤੇ ਨਾ ਹੀ ਮੁਗਲ ਫ਼ੌਜ ਦੇ ਘੇਰੇ ਵਿੱਚ ਆਉਣ ਨਾਲ ਉਨ੍ਹਾਂ ਦੀਆਂ ਚੜ੍ਹਦੀਆਂ ਕਲਾ ਵਿੱਚ ਕੋਈ ਫ਼ਰਕ ਪਿਆ। ਪਰ ਇਤਨੀਆਂ ਵਡੀਆਂ ਰਾਜਸੀ ਸ਼ਕਤੀਆਂ ਨਾਲ ਵੈਰ ਸਹੇੜਨਾ ਗੁਰੂ ਦਸ਼ਮੇਸ਼ ਜੀ ਵਾਸਤੇ ਕੋਈ ਖੇਡ ਨਹੀਂ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਸਥਿਤੀ ਬੜੀ ਗੰਭੀਰ ਸੀ। ਇਕ ਪਾਸੇ ਮੁਗਲ ਹੁਕਮਰਾਨ ਹਿੰਦੂਆਂ ਦੇ ਜਾਨ-ਮਾਲ, ਪਤ-ਆਬਰੋ ਤੇ ਧਰਮ ਕਰਮ ਦੇ ਵੈਰੀ ਬਣੇ ਬੈਠੇ ਸਨ, ਦੂਸਰੇ ਪਾਸੇ ਪਹਾੜੀ ਰਾਜੇ ਜਾਤ ਅਭਿਮਾਨ ਤੇ ਜਾਗੀਰਦਾਰੀ ਹਿੱਤਾਂ ਨੂੰ ਪਾਲਣ ਲਈ ਗੁਰੂ ਨਾਨਕ ਜੋਤਿ ਨਾਲ ਤੁਰੀ ਸੱਚੇ ਤੇ ਸੁੱਚੇ ਸੁਤੰਤਰ ਜੀਵਨ ਦੀ ਜੋਤ ਜਗਾਉਂਦੀ ਆ ਰਹੀ ਸਿੱਖ ਲਹਿਰ ਨੂੰ ਕੁਚਲਣ ਉਤੇ ਤੁਲੇ ਹੋਏ ਸਨ। ਉਸ ਕਠਨ ਅਵਸਥਾ ਵਿੱਚ ਗੁਰੂ ਦਸਮ ਪਾਤਿਸ਼ਾਹ ਦੇ ਸਾਹਮਣੇ ਦੋ ਹੀ ਰਾਹ ਸਨ ਜਾਂ ਤਾਂ ਉਹ ਸੋਚਾਂ ਵਾਲੇ ਮਨੁਖਾਂ ਦੀ ਤਰ੍ਹਾਂ ਆਪਣੀ ਤੇ ਦੁਸ਼ਮਨ ਦੀ ਤਾਕਤ ਦਾ ਹਿਸਾਬ-ਕਿਤਾਬ ਕਰਕੇ ਤਾਕਤਵਾਰ ਹਾਕਮਾਂ ਨਾਲ ਟੱਕਰ ਲੈਣ ਬਾਰੇ ਸੰਕੋਚ ਕਰਦੇ। ਇਹ ਰਾਹ ਅਪਨਾਉਣ ਦਾ ਭਾਵ ਸੀ ਕਿ ਦੇਸ਼ ਦੀ ਹਿੰਦੂ ਜਨਤਾ ਰੂਪ ਗਾਈਆਂ ਨੂੰ ਮੁਗਲ ਸ਼ੇਰਾਂ ਅੱਗੇ ਪਏ ਰਹਿਣ ਦੇਣਾ ਤੇ ਆਪ ਇਕ ਪਾਸੇ ਹੋ ਕੇ ਖਲੋ ਜਾਣਾ। ਇਹ ਰਾਹ ਗੁਰੂ ਨਾਨਕ ਦੇਵ ਜੀ ਦੀ ਚਲਾਈ ਗੱਦੀ ਉਤੇ ਬੈਠਣ ਵਾਲੇ ਗੁਰੂ ਦਸ਼ਮੇਸ਼ ਪਿਤਾ ਜੀ ਕਦੇ ਸੋਚ ਵੀ ਨਹੀਂ ਸੀ ਸਕਦੇ ਕਿ ਦੋ ਸੌ ਸਾਲਾਂ ਤੋਂ ਵਿਕਾਸ ਕਰ ਰਹੀ ਸਿੱਖ ਲਹਿਰ ਨੂੰ ਅੱਗੇ ਵਧਾਉਣ ਦੀ ਬਜਾਏ ਉਹ ਇਸ ਨੂੰ ਖੜੋਤ ਵਿੱਚ ਲਿਆਉਣ। ਪਰ ਦੂਸਰਾ ਰਸਤਾ ਮੁਗਲ ਸਾਮਰਾਜ ਨਾਲ ਟੱਕਰ ਲੈਣ ਵਾਲਾ ਵੀ ਹਨੇਰੇ ਵਿੱਚ ਛਾਲ ਮਾਰਨ ਦੇ ਤੁਲ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਬੜੇ ਸਾਹਸ ਤੇ ਦਲੇਰੀ ਨਾਲ ਦੂਸਰਾ ਰਾਹ ਅਪਣਾ ਲਿਆ, ਪਰ ਉਨ੍ਹਾਂ ਨਾਲ ਜੋ ਬੀਤੀ, ਉਹ ਉਨ੍ਹਾਂ ਦੇ ਸੋਚਣ ਤੋਂ ਕਿਤੇ ਵੱਧ ਕਠੋਰ ਸੀ। ਇਤਿਹਾਸ ਵਿੱਚ ਇਸ ਦਾ ਬਿਆਨ ਲੂੰ ਕੰਡੇ ਖੜੇ ਕਰਨ ਵਾਲਾ ਹੈ। ਜਦ ਗੁਰੂ ਦਸ਼ਮੇਸ਼ ਜੀ ਆਪਣੀ ਨਿੱਕੀ ਜਿਹੀ ਸਿੱਖ ਫੌਜ ਨਾਲ ਆਪਣੇ ਤੋਂ ਅਨੇਕ ਗੁਣਾ ਵਡੀ ਫ਼ੌਜ ਵਿੱਚ ਘਿਰ ਜਾਂਦੇ ਸਨ ਤਾਂ ਇਕ ਪਾਸੇ ਉਨ੍ਹਾਂ ਨੂੰ ਆਪਣੇ ਦੁਸ਼ਮਣਾਂ ਦੇ ਹੱਲੇ ਦਰ ਹੱਲੇ ਦਾ ਮੁਕਾਬਲਾ ਕਰਨਾ ਪੈਂਦਾ ਸੀ ਤੇ ਦੂਸਰੇ ਪਾਸੇ ਆਪਣੇ ਸਾਥੀ ਸਿੱਖਾਂ ਤੇ ਸੰਬੰਧੀਆਂ ਦਾ ਉਤਸ਼ਾਹ ਤੇ ਹੌਂਸਲਾ ਵੀ ਪੂਰੇ ਜੋਬਨ ਵਿੱਚ ਰਖਣਾ ਪੈਂਦਾ ਸੀ। ਇਹ ਦੂਸਰਾ ਕੰਮ ਪਹਿਲੇ ਜਿੰਨਾਂ ਹੀ ਮੁਸ਼ਕਲ ਸੀ।

ਕਿਸੇ ਪਛੜੇ ਇਲਾਕੇ ਦੇ ਜਾਂਗਲੀ ਲੋਕਾਂ ਨੂੰ ਕਿਸੇ ਸਭ੍ਯ ਦੇਸ਼ ਦੇ ਆਰਾਮ ਪਰਸਤ ਲੋਕਾਂ ਨੂੰ ਲੁਟਣ ਦੀ ਪ੍ਰੇਰਨਾ ਦੇ ਕੇ ਉਨ੍ਹਾਂ ਉਤੇ ਹਮਲਾ ਕਰਵਾ ਲੈਣਾ ਇਡਾ ਵੱਡਾ ਔਖਾ ਕੰਮ ਨਹੀਂ ਹੁੰਦਾ, ਭਾਵੇਂ ਹਮਲਾਵਰਾਂ ਦੀ ਗਿਣਤੀ ਛੋਟੀ ਹੀ ਹੋਵੇ, ਪਰ ਲੁਟ ਮਾਰ ਜਾਂ ਮਜ਼੍ਹਬੀ ਤਅਸਬ ਵਰਗੀਆਂ ਵਹਿਸ਼ੀ ਰੁਚੀਆਂ ਨੂੰ ਉਭਾਰੇ ਬਗੈਰ ਉੱਚੇ

ਆਦਰਸ਼ਾਂ ਲਈ ਜਮ ਕੇ ਲੜਾਈ ਲਈ ਲੋਕਾਂ ਵਿੱਚ ਉਤਸ਼ਾਹ ਜਗਾਈ ਰਖਣਾ ਕਾਫ਼ੀ ਦੀਰਘ ਸਮੱਸਿਆ ਹੈ। ਗੁਰੂ ਗੋਬਿੰਦ ਸਿੰਘ ਜੀ ਇਕ ਧਾਰਮਿਕ ਰਹਿਬਰ ਹੋਣ ਦੇ ਨਾਲ ਇਕ ਨਿਪੁੰਨ ਫ਼ੌਜੀ ਆਗੂ ਦੀ ਤਰ੍ਹਾਂ ਇਸ ਸਮਸਿਆਂ ਨੂੰ ਹਲ ਕਰਨ ਵਿੱਚ ਜਿਸ ਹਦ ਤਕ ਸਫਲ ਹੋਏ, ਇਹ ਸੰਸਾਰ ਦੇ ਇਤਿਹਾਸ ਦੇ ਨਾਲ ਵਿਸ਼ਵ ਦੇ ਫ਼ੌਜੀ ਇਤਿਹਾਸ ਵਿੱਚ ਇਕ ਮਾਅਰਕੇ ਦੀ ਗੱਲ ਹੈ।

(ਖ) ਗੁਰੂ ਗੋਬਿੰਦ ਸਿੰਘ ਜੀ ਨੇ ਇਸ ਆਦਰਸ਼ ਦੀ ਪ੍ਰਾਪਤੀ ਲਈ ਕਈ ਕਦਮ ਚੁੱਕੇ। ਉਨ੍ਹਾਂ ਵਿਚੋਂ ਇਕ ਉਹ ਹੈ, ਜਿਸ ਦੇ ਇਸ਼ਾਰੇ ਉਨ੍ਹਾਂ ਦੀ ਰਚਿਤ ਬਾਣੀ ਵਿਚੋਂ ਮਿਲ ਜਾਂਦੇ ਹਨ। ਇਸ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਵਰਗਾ ਮਹਾਨ ਧਾਰਮਿਕ ਰਹਿਬਰ ਤੇ ਉੱਚ ਕੋਟੀ ਦੀ ਫ਼ੌਜੀ ਹਸਤੀ ਆਪਣੇ ਸਿੱਖਾਂ ਨੂੰ ਉਬਾਰਨ ਲਈ ਅਤੇ ਹੌਂਸਲੇ ਉੱਚੇ ਰੱਖਣ ਲਈ ਕਿਹੜੇ-ਕਿਹੜੇ ਮਨੋਵਿਗਿਆਨਕ ਢੰਗ ਵਰਤਦੀ ਸੀ। ਇਸ ਕਾਰਜ ਦੀ ਪੂਰਤੀ ਲਈ ਉਨ੍ਹਾਂ ਨੇ ਸਿੱਖਾਂ ਨੂੰ ਖਾਲਸਾ ਰੂਪ ਵਿੱਚ ਉਬਾਰਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਥਮ ਬਾਣੀ 'ਜਪੁ' ਜੀ ਦੇ ਸਿਧਾਂਤਾਂ ਦੀ 'ਜਾਪੁ' ਸਾਹਿਬ ਦੇ ਰੂਪ ਵਿੱਚ ਇਕ ਵੱਖਰੀ ਤਰ੍ਹਾਂ ਦੀ ਬੀਰ ਰਸੀ ਸ਼ੈਲੀ ਵਿੱਚ ਸਿਰਜਣਾ ਕੀਤੀ ਅਤੇ ਫਿਰ ਇਨ੍ਹਾਂ ਹੀ ਸਿਧਾਂਤਾਂ ਦਾ 'ਸਵੱਯੇ', 'ਬੇਨਤੀ ਚੌਪਈ' ਤੇ ਆਪਣੀਆਂ ਹੋਰ ਰਚਨਾਵਾਂ ਵਿੱਚ ਪ੍ਰਗਟਾਵਾ ਕੀਤਾ।

(ਘ) ਇਸ ਤਰ੍ਹਾਂ 'ਬੇਨਤੀ ਚੌਪਈ' ਦੀ ਸਿਰਜਣਾ ਦਾ ਮਨੋਰਥ ਗੁਰੂ ਨਾਨਕ ਨਾਮ ਲੇਵਾ ਸਿੱਖਾਂ ਨੂੰ ਇਕ ਅਕਾਲ ਪੁਰਖ ਦਾ ਵਿਸ਼ਵਾਸ਼, ਪੂਰਨ ਨਿਸ਼ਚਾ ਤੇ ਟੇਕ, ਚੜ੍ਹਦੀਆਂ ਕਲਾ ਅਤੇ ਸੰਤ ਸਿਪਾਹੀ ਵਾਲੇ ਜੀਵਨ ਸਿਧਾਂਤਾਂ ਨੂੰ ਦ੍ਰਿੜ੍ਹ ਕਰਾਉਣਾ ਹੈ। ਇਸ ਬਾਣੀ ਦਾ ਖਾਸਾ ਹੈ ਕਿ ਸੰਕਟ ਕਾਲ ਵਿੱਚ ਚੜ੍ਹਦੀਆਂ ਕਲਾ ਵਿੱਚ ਰਹਿਣ ਦਾ ਭੇਤ ਇਸ ਬਾਣੀ ਅੰਦਰ ਮੌਜੂਦ ਹੈ।

੩) ਵਿਚਾਰ ਦਰਸ਼ਨ : ਬੇਨਤੀ ਚੌਪਈ ਦੇ ਵਿਸ਼ਲੇਸ਼ਣ ਤੋਂ ਇਸ ਦੇ ਵਿਚਾਰ ਦਰਸ਼ਨ ਅਤੇ ਇਸ ਵਿੱਚ ਦਰਸਾਈ ਜੀਵਨ-ਜੁਗਤਿ ਦੇ ਨੁਕਤਿਆਂ ਦੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

(ੳ) ਬੇਨਤੀ ਚੋਪਈ ਵਿੱਚ ਸ਼ੁਰੂ ਤੋਂ ਲੈ ਕੇ ਅੰਤ ਤੱਕ ਅਕਾਲ ਪੁਰਖ ਦੀ ਆਰਾਧਨਾ ਹੈ। ਜਿਹਾ ਕਿ ਇਸ ਬਾਣੀ ਦੇ ਨਾਮ ਤੋਂ ਹੀ ਸਪਸ਼ਟ ਹੈ ਕਿ ਇਹ ਪ੍ਰਾਰਥਨਾ ਦੀ ਬਾਣੀ ਹੈ। ਇਸ ਬਾਣੀ ਦੇ ਬਹੁਤੇ ਛੰਦਾਂ ਵਿੱਚ ਸਿੱਧਾ ਆਪਣੇ ਇਸ਼ਟ ਅਕਾਲ ਪੁਰਖ ਨੂੰ ਸੰਬੋਧਨ ਕਰਕੇ ਉਸ ਪਾਸੋਂ ਹਰ ਸੰਕਟ ਵਿੱਚ ਆਪਣੀ ਰਖਿਆ ਦੀ ਆਰਾਧਨਾ ਰੂਪੀ ਜੋਦੜੀ ਕੀਤੀ ਗਈ ਹੈ। ਇਸ ਬਾਣੀ ਦਾ ਪ੍ਰਥਮ ਛੰਦ ਹੈ :

ਹਮਰੀ ਕਰੋ ਹਾਥ ਦੈ ਰੱਛਾ ॥
ਪੂਰਨ ਹੋਇ ਚਿਤ ਕੀ ਇੱਛਾ ॥

ਤਵ ਚਰਨਨ ਮਨ ਰਹੈ ਹਮਾਰਾ ॥
ਅਪਨਾ ਜਾਨ ਕਰੋ ਪ੍ਰਤਿਪਾਰਾ ॥੧॥

ਇਸ ਤੋਂ ਬਾਅਦ ਦੇ ਛੰਦਾਂ ਵਿੱਚ ਵੀ ਇਹੋ ਆਰਾਧਨਾ ਚਲਦੀ ਹੈ, ਪਰ ਨਾਲ ਹੀ ਦੁਸ਼ਮਨਾ ਦੀ ਹਾਰ ਦੀ ਯਾਚਨਾ ਵੀ ਕੀਤੀ ਗਈ ਹੈ। ਇਸ ਬਾਣੀ ਦੇ ਅੰਤਲੇ ਛੰਦ ਵਿੱਚ ਵੀ ਇਹੋ ਦ੍ਰਿੜ੍ਹ ਕਰਾਇਆ ਹੈ ਕਿ ਅਕਾਲ ਪੁਰਖ ਦੀ ਸ਼ਰਨ ਵਿੱਚ ਆਉਣ ਵਾਲਿਆਂ ਦੇ ਸਭ ਦੁਖ ਉਹ ਦੂਰ ਕਰਦਾ ਹੈ ਅਤੇ ਖਾਸ ਤੌਰ ਤੇ ਸੰਕਟਾਂ ਤੇ ਯੁਧ ਵਿੱਚ ਵੈਰੀਆਂ ਤੋਂ ਬਚਾਉਂਦਾ ਹੈ। ਅੰਤਲਾ ਛੰਦ ਬਿਲਕੁਲ ਪਹਿਲੇ ਛੰਦ ਦੀ ਤਰ੍ਹਾਂ, ਸਿਧੀ ਪ੍ਰਾਰਥਨਾ ਦਾ ਪ੍ਰਗਟਾ ਕਰਦਾ ਹੈ :

ਖੜਗ ਕੇਤ ਮੈ ਸਰਣਿ ਤਿਹਾਰੀ॥
ਆਪ ਹਾਥ ਦੈ ਲੇਹੁ ਉਬਾਰੀ॥
ਸਰਬ ਠੌਰ ਮੋ ਹੋਹੁ ਸਹਾਈ॥
ਦੁਸਟ ਦੋਖ ਤੇ ਲੇਹੁ ਬਚਾਈ॥੨੫॥

(ਅ) ਇਸ ਬਾਣੀ ਵਿੱਚ ਗੁਰੂ ਦਸ਼ਮੇਸ਼ ਜੀ ਨੇ ਆਪਣੀ ਸੁਰਖਿਆ ਲਈ ਸਿਧੀ ਅਰਦਾਸ ਕੀਤੀ ਹੈ, ਪਰ ਬਹੁਤ ਵੇਰਾਂ ਨਾਲ ਨਾਲ ਆਪਣੇ ਸਿੱਖਾਂ ਦੀ ਖੈਰ ਤੇ ਸੁਖ-ਸਾਂਦ ਵੀ ਮੰਗੀ ਹੈ। ਉਨ੍ਹਾਂ ਜਿੱਥੇ ਵੀ ਆਪਣੇ ਇਸ਼ਟ ਅਕਾਲ ਪੁਰਖ ਦਾ ਜਸ ਗਾਇਆ ਹੈ, ਉੱਥੇ ਉਸ ਦੇ ਨੇਕ ਮਨੁਖਾਂ ਨੂੰ ਪਿਆਰ ਵਾਲੇ ਗੁਣ ਉਤੇ ਖਾਸ ਜ਼ੋਰ ਦਿੱਤਾ ਹੈ। ਨੇਕਾਂ ਦੇ ਪਿਆਰ ਕਰਨ ਦੇ ਗੁਣ ਵਿਚੋਂ ਹੀ ਉਨ੍ਹਾਂ ਦੀ ਰਖਿਆ ਦਾ ਕਰਤਵ ਪੈਦਾ ਹੁੰਦਾ ਹੈ ਅਤੇ ਰਖਿਆ ਕਰਨ ਲਈ ਵੈਰੀਆਂ ਦਾ ਨਾਸ ਕਰਨਾ ਜ਼ਰੂਰੀ ਹੋ ਜਾਂਦਾ ਹੈ। ਨਾਸ ਕਰਨ ਲਈ ਅਕਾਲ ਪੁਰਖ ਵਿੱਚ ਅਪਾਰ ਸ਼ਕਤੀ ਅਵੱਸ਼ ਹੈ।ਇਸ ਤਰ੍ਹਾਂ ਇਸ ਬਾਣੀ ਦਾ ਇਕ ਵਡੇਰਾ ਭਾਗ ਅਕਾਲ ਪੁਰਖ ਨੂੰ ਸ਼ਕਤੀ ਦਾ ਪੁੰਜ ਦਰਸਾਉਣ ਲਈ ਅਰਪਿਤ ਹੈ।

(ੲ) ਇਸ ਬਾਣੀ ਦੀ ਛੇਵੀਂ ਚੌਪਈ ਵਿੱਚ ਇਕ ਤੁਕ ਹੈ : 'ਦੀਨ ਬੰਧੁ ਦੁਸਟਨ ਕੇ ਹੰਤਾ' ਜੋ ਅਤਿਆਚਾਰ ਵਿਰੁਧ ਜੂਝਣ ਵਾਲਿਆਂ ਨੂੰ ਕਮਾਲ ਦੀ ਢਾਰਸ ਬੰਨ੍ਹਾਉਂਦੀ ਹੈ। ਇਸ ਦੇ ਨਾਲ ਹੀ ਅਗਲੀ ਤੁਕ 'ਤੁਮ ਹੋ ਪੁਰੀ ਚਤੁਰ ਦਸ ਕੰਤਾ' ਦਾ ਭਾਵ ਹੈ ਕਿ ਅਕਾਲ ਪੁਰਖ ਸਾਰੀ ਸ੍ਰਿਸ਼ਟੀ ਅਰਥਾਤ ਚੌਦਾਂ ਲੋਕਾਂ ਦਾ ਮਾਲਕ ਹੈ। ਇਸ ਲਈ ਯੁਧ ਵਿੱਚ ਜਿਤ ਹਾਰ ਵੀ ਉਸਦੇ ਹੁਕਮ ਹੇਠ ਹੈ। ਉਸ ਦੀ ਸ਼ਕਤੀ ਬੇਅੰਤ ਹੈ, ਉਹ ਅਗੰਮ ਤੇ ਅਗੋਚਰ ਹੈ, ਪਰ ਮਨੁਖ ਇਹ ਸੋਚ ਕੇ ਉਸ ਉਤੇ ਭਰੋਸਾ ਕਰ ਸਕਦਾ ਹੈ ਕਿ ਉਸ ਦੀ ਰਚੀ ਸ੍ਰਿਸ਼ਟੀ ਦਾ ਪ੍ਰਬੰਧ ਨਿਆਂ ਦੇ ਅਸੂਲ ਨੂੰ ਮੁਖ ਰਖ ਕੇ ਚਲਾਇਆ ਜਾ ਰਿਹਾ ਹੈ। ਇਵੇਂ 'ਬੇਨਤੀ ਚੌਪਈ' ਵਿੱਚ ਸ੍ਰਿਸ਼ਟੀ ਦੀ ਨੈਤਿਕ ਬਣਤਰ ਨੂੰ ਬੁਨਿਆਦੀ ਸਥਾਨ ਦਿੱਤਾ ਹੈ। ਦੁਸ਼ਟਾਂ ਨੂੰ ਸਜ਼ਾ ਦੇਣ ਵਾਲਾ ਗੁਣ ਪਰਮਾਤਮਾ ਨੂੰ ਨਿਆਂਕਾਰੀ ਸਿਧ ਕਰਨ ਦੇ ਹੱਕ ਵਿੱਚ ਸਭ ਤੋਂ

ਵੱਡੀ ਗਵਾਹੀ ਹੈ। ਦੀਨ ਲੋਕ ਇਸ ਗੁਣ ਨੂੰ ਯਾਦ ਕਰਕੇ ਜਬਰ ਦੇ ਸਾਹਮਣੇ ਸਬਰ ਕਰਨ ਦੀ ਨਿਮੋਝੂਣਤਾ ਤੋਂ ਬਚ ਸਕਦੇ ਹਨ ਤੇ ਆਸ਼ਾਵਾਦ ਨਾਲ ਭਰਪੂਰ ਹੋ ਜਾਂਦੇ ਹਨ। ਇਸ ਬਾਣੀ ਦੀ ਵਿਉਂਤ ਐਸੇ ਢੰਗ ਨਾਲ ਬੰਨ੍ਹੀ ਗਈ ਹੈ ਕਿ ਆਸ਼ਾਵਾਦ ਦਾ ਪ੍ਰਭਾਵ ਬਾਰ ਬਾਰ ਇਸ ਵਿਚੋਂ ਛਲਕਦਾ ਹੈ। ਇਸ ਪ੍ਰਭਾਵ ਨੂੰ ਹੋਰ ਗੂੜ੍ਹਾ ਕਰਨ ਵਾਸਤੇ ਕਈ ਹੋਰ ਪ੍ਰਕਰਣ ਛੋਹੇ ਗਏ ਹਨ।

(ਸ) ਇਸ ਦੇ ਨਾਲ ਹੀ 'ਦੀਨ ਬੰਧੁ ਦੁਸਟਨ ਕੇ ਹੰਤਾ' ਤੁਕ ਵਿੱਚ ਆਏ ਸ਼ਬਦ 'ਦੀਨ' ਤੇ 'ਦੁਸਟ' ਵਿਸ਼ੇਸ਼ ਧਿਆਨ ਮੰਗਦੇ ਹਨ। ਪ੍ਰਸਿੱਧ ਵਿਦਵਾਨ ਪ੍ਰੋ. ਰਾਮ ਸਿੰਘ ਜੀ ਨੇ 'ਬੇਨਤੀ ਚੌਪਈ' ਦਾ ਵਿਸ਼ਲੇਸ਼ਣ ਕਰਦਿਆਂ ਸਮਝਾਇਆ ਹੈ ਕਿ 'ਦੀਨ' ਸ਼ਬਦ ਨਾਲ ਭਾਰਤੀ ਧਾਰਮਿਕ ਦਾਇਰਿਆਂ ਵਿੱਚ ਜੋ ਸੰਸਕਾਰ ਜੁੜੇ ਹੋਏ ਹਨ, ਉਹ ਨੀਵੀਂ ਹਸਤੀ ਜਾਂ ਕਮਜ਼ੋਰ ਪਦਵੀ ਦੇ ਹਨ। ਅਭਿਮਾਨੀ ਬ੍ਰਾਹਮਣ ਗਰੀਬ ਅਛੂਤ ਨੂੰ ਨੀਵੀਂ ਨਜ਼ਰ ਨਾਲ ਵੇਖ ਕੇ ਉਸ ਨੂੰ ਦੀਨ ਹੋਣ ਦਾ ਅਹਿਸਾਸ ਕਰਵਾਉਂਦਾ ਹੈ। ਇਵੇਂ ਹੀ ਮੁਗਲ ਹਾਕਮ ਆਪਣੀ ਬਖਤਾਵਰੀ ਦੇ ਰੋਅਬ ਵਿੱਚ ਹਿੰਦੂ ਜਨਤਾ ਨੂੰ ਦੀਨ ਜਾਂ ਨੀਵਾਂ ਜਾਣ ਕੇ ਅਤਿਆਚਾਰ ਵਾਲਾ ਵਰਤਾਰਾ ਕਰਦੇ ਸਨ। ਆਮ ਧਾਰਮਿਕ ਲੋਕ ਅਜਿਹੇ ਦੀਨਾਂ ਨੂੰ ਰੱਬ ਦੀ ਓਟ ਧਾਰਨ ਦੀ ਪ੍ਰੇਰਨਾ ਕਰਦੇ ਹਨ। ਗੁਰਮਤਿ ਜੀਵਨ ਜੁਗਤਿ ਦੇ ਪੂਰਨ ਧਾਰਨੀ ਗੁਰੂ ਗੋਬਿੰਦ ਸਿੰਘ ਜੀ ਵਰਗੇ ਧਾਰਮਿਕ ਗੁਰੂ ਤੇ ਨਿਧੜਕ ਰਹਿਬਰ ਸਿਰਫ਼ ਪ੍ਰੇਰਨਾ ਤੋਂ ਅੱਗੇ ਵੱਧ ਕੇ ਲੋਕਾਂ ਨੂੰ ਜਥੇਬੰਦ ਵੀ ਕਰਦੇ ਹਨ। ਜਥੇਬੰਦੀ ਵਿੱਚ ਹਮੇਸ਼ਾ ਬੜੀ ਸ਼ਕਤੀ ਹੁੰਦੀ ਹੈ, ਪਰ ਇਹ ਸ਼ਕਤੀ ਕਈ ਗੁਣਾਂ ਵੱਧ ਜਾਂਦੀ ਹੈ, ਜੇ ਜਥੇਬੰਦੀ ਨਾਲ ਜੁੜੇ ਹੋਇਆਂ ਨੂੰ ਵਿਸ਼ਵਾਸ਼ ਹੋਏ ਕਿ ਬਾਵਜੂਦ ਗਿਣਤੀ ਵਿੱਚ ਘਟ ਜਾਂ ਵਸੀਲਿਆਂ ਵਿੱਚ ਕਮਜ਼ੋਰ ਹੋਣ ਦੇ ਉਨ੍ਹਾਂ ਦੀ ਜਿੱਤ ਆਵੱਸ਼ ਹੈ ਕਿਉਂਕਿ ਅਕਾਲਪੁਰਖ ਵਰਗਾ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਉਨ੍ਹਾਂ ਦੀ ਪਿਠ ਉਤੇ ਹੈ। ਗੁਰੂ ਦਸ਼ਮੇਸ਼ ਜੀ ਨੇ ਅਕਾਲ ਪੁਰਖ ਨੂੰ 'ਦੀਨ ਬੰਧੁ' ਕਹਿੰਦੇ ਸਾਰ ਚੌਦਾਂ ਪੁਰੀਆਂ ਦਾ ਕੰਤ ਕਿਹਾ ਹੈ। ਦੀਨਾਂ ਦੀ ਰਖਿਆ ਉਹ ਹੀ ਸਫ਼ਲਤਾ ਨਾਲ ਕਰ ਸਕਦਾ ਹੈ, ਜੋ ਆਪ ਸ਼ਕਤੀਸ਼ਾਲੀ ਤੇ ਬਲਵਾਨ ਹੋਵੇ।

ਗੁਰਬਾਣੀ ਵਿੱਚ ਵੀ ਦਸਿਆ ਹੈ ਕਿ ਦੀਨ ਦੀ ਅੰਤਮ ਓਟ ਅਕਾਲ ਪੁਰਖ ਹੀ ਹੈ। ਸ੍ਰਿਸ਼ਟੀ ਦੇ ਮਾਲਕ ਪਰਮ ਪਿਤਾ ਪਰਮਾਤਮਾ ਦੇ ਦਰ ਤੇ ਕੀਤੀ ਅਰਦਾਸ ਤੇ ਜੋਦੜੀ ਹੀ ਸੰਕਟਾਂ ਨੂੰ ਨਿਵਾਰਨ ਵਾਲੀ ਹੁੰਦੀ ਹੈ :

੧) ਕਰਿ ਕਿਰਪਾ ਗੋਬਿੰਦ ਪ੍ਰਭ ਪ੍ਰੀਤਮ ਦੀਨਾ ਨਾਥ ਸੁਨਹੁ ਅਰਦਾਸਿ॥
ਕਰੁ ਗਹਿ ਲੇਹੁ ਨਾਨਕ ਕੇ ਸੁਆਮੀ ਜੀਉ ਪਿੰਡ ਸਭੁ ਤੁਮਰੀ ਰਾਸਿ॥
(ਗਉੜੀ ਮ.੫, ਪੰਨਾ ੨੦੪)

੨) ਭੁਜ ਬਲ ਬੀਰ ਬ੍ਰਹਮ ਸੁਖ ਸਾਗਰ ਗਰਤ ਪਰਤ ਗਹਿ ਲੇਹੁ ਅੰਗੁਰੀਆ ॥
ਸ੍ਰਵਨਿ ਨ ਸੁਰਤਿ ਨੈਨ ਸੁੰਦਰ ਨਹੀ ਆਰਤ ਦੁਆਰਿ ਰਟਤ ਪਿੰਗੁਰੀਆ ॥

ਦੀਨਾ ਨਾਥ ਅਨਾਥ ਕਰੁਣਾ ਮੈ ਸਾਜਨ ਮੀਤ ਪਿਤਾ ਮਹਤਰੀਆ ॥
ਚਰਨ ਕਵਲ ਹਿਰਦੈ ਗਹਿ ਨਾਨਕ ਭੈ ਸਾਗਰ ਸੰਤ ਪਾਰਿ ਉਤਰੀਆ ॥
(ਗਉੜੀ ਮ.੫, ਪੰਨਾ ੨੦੩)

'ਬੇਨਤੀ ਚੌਪਈ' ਵਿੱਚ ਦੀਨ ਦੇ ਨਾਲ 'ਸੰਤ' ਸ਼ਬਦ ਵੀ ਆਇਆ ਹੈ। ਸੰਤ ਰੱਬ ਦਾ ਪਿਆਰਾ ਮਨੁੱਖ ਹੁੰਦਾ ਹੈ, ਪਰ ਇਸ ਦੇ ਨਾਲ ਹੀ ਇਕ ਪਵਿੱਤਰ ਹਸਤੀ ਵੀ ਹੁੰਦਾ ਹੈ। ਅਸਲ ਵਿੱਚ ਸੰਤ ਦੀ ਜੀਵਨ ਪਵਿਤੱਰਤਾ ਹੀ ਉਸਨੂੰ ਰੱਬ ਦੇ ਪਿਆਰ ਦਾ ਪਾਤਰ ਬਣਾਉਂਦੀ ਹੈ। ਜਾਪਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਇਸ ਤਰ੍ਹਾਂ ਦੇ ਸੁਝਾਅ ਦੇ ਰਹੇ ਹਨ। ਅਕਾਲ ਪੁਰਖ ਨੇ ਜੰਗ ਵਿੱਚ ਜੂਝ ਰਹੇ ਪਵਿੱਤਰ ਤੇ ਆਤਮਿਕ ਜੀਵਨ ਵਾਲੇ ਸੰਤ-ਸਿਪਾਹੀਆਂ ਦਾ ਪੱਖੀ ਤਾਂ ਹੋਣਾ ਹੀ ਹੋਇਆ, ਉਹ ਸਮਾਜਿਕ ਤੌਰ ਉਤੇ ਨਿਤਾਣੇ ਦੀਨਾਂ ਦਾ ਵੀ ਪੱਖ ਲੈਂਦਾ ਹੈ।

ਇਸੇ ਤਰ੍ਹਾਂ 'ਦੁਸ਼ਟ' ਦੀ ਪਰਿਭਾਸ਼ਾ ਵੀ ਦੀਨ ਦੀ ਤਰ੍ਹਾਂ ਦੋਹਰੀ ਹੈ। ਜਿਸ ਮਨੁੱਖ ਦੀ ਇਖ਼ਲਾਕੀ ਸੂਝ ਉੱਕਾ ਮਰ ਚੁੱਕੀ ਹੋਵੇ ਤੇ ਜੋ ਦੂਜਿਆਂ ਦੀ ਲੁਟ-ਖਸੁਟ ਕਰਨ ਅਤੇ ਦੂਜਿਆਂ ਉਤੇ ਜ਼ੁਲਮ ਢਾਹੁਣ ਵਿੱਚ ਜ਼ਰਾ ਜਿੰਨਾ ਵੀ ਸੰਕੋਚ ਪ੍ਰਤੀਤ ਨਾ ਕਰੇ, ਉਹ ਦੁਸ਼ਟ ਹੈ। ਜਦ ਗੁਰੂ ਦਸ਼ਮੇਸ਼ ਪਿਤਾ ਜੀ 'ਬੇਨਤੀ ਚੌਪਈ' ਵਿੱਚ ਦੁਸ਼ਟ ਸ਼ਬਦ ਦੀ ਵਰਤੋਂ ਕਰਦੇ ਹਨ, ਤਾਂ ਨਾ ਕੇਵਲ ਆਪਣੇ ਵਿਰੋਧੀਆਂ ਦੇ ਸਾਮਰਾਜੀ ਅਤੇ ਅਤਿਆਚਾਰੀ ਪੱਖ ਵੱਲ ਇਸ਼ਾਰਾ ਕਰਦੇ ਹਨ, ਸਗੋਂ ਨਾਲ ਹੀ ਉਨ੍ਹਾਂ ਦੇ ਨਿਘਰੇ ਹੋਏ ਆਚਰਣ ਵੱਲ ਵੀ। ਦੁਸ਼ਟ ਨਿਜੀ ਅਤੇ ਸਮਾਜਿਕ ਦੋਹਾਂ ਪੱਖਾਂ ਵਿੱਚ ਘ੍ਰਿਣਾਂ ਯੋਗ ਹੁੰਦਾ ਹੈ। ਇਸ ਬਾਣੀ ਵਿੱਚ ਦੁਸ਼ਟ ਨੂੰ ਅਰਦਾਸ ਕਰਨ ਵਾਲੇ ਸੂਰਮਿਆਂ ਦਾ ਹੀ ਦੁਸ਼ਮਨ ਨਹੀਂ, ਰੱਬ ਦਾ ਸ਼ਤਰੂ ਵੀ ਗਿਣਿਆ ਗਿਆ ਹੈ।

ਫਿਰ 'ਬੇਨਤੀ ਚੌਪਈ' ਵਿੱਚ 'ਸੇਵਕ' ਅਤੇ 'ਸ਼ਤਰੂ' ਦੋਵੇਂ ਰੱਬ ਦੇ ਸੰਬੰਧ ਵਿੱਚ ਵਰਣਤ ਹੋਏ ਹਨ ਜੋ ਸੇਵਕਾਂ ਨੂੰ ਗੁਣੀ ਅਤੇ ਸ਼ਤ੍ਰੂਆਂ ਦਾ ਨਾਸ਼ ਕਰਦਾ ਹੈ :

ਨਮਸਕਾਰ ਤਿਸ ਹੀ ਕੋ ਹਮਾਰੀ ॥
ਸਕਲ ਪ੍ਰਜਾ ਜਿਨ ਆਪ ਸਵਾਰੀ॥
ਸਿਵਕਨ ਕੋ ਸਿਵਗੁਨ ਸੁਖ ਦੀਓ ॥
ਸਤ੍ਰੁਨ ਕੋ ਪਲ ਮੋ ਬਧ ਕੀਓ॥੧੦॥

ਦੂਸਰੇ ਪਾਸੇ ਗੁਰੂ ਦਸ਼ਮੇਸ਼ ਪਿਤਾ ਜੀ ਵੱਲੋਂ ਆਪਣੇ ਜੰਗੀ ਵਿਰੋਧੀਆਂ ਨੂੰ ਸਿੱਧੇ ਆਪਣੇ ਦੁਸ਼ਮਨ ਕਹਿਣ ਦੇ ਪ੍ਰਮਾਣ ਵੀ ਮਿਲਦੇ ਹਨ :

੧) ਹਮਰੇ ਦੁਸਟ ਸਭੈ ਤੁਮ ਘਾਵਹੁ .... ॥੨॥
੨) ਚੁਨਿ ਚੁਨਿ ਸਤ੍ਰੁ ਹਮਾਰੇ ਮਾਰੀਅਹਿ... ॥੪॥
੩) ਅਬ ਰੱਛਾ ਮੇਰੀ ਤੁਮ ਕਰੋ॥ ਸਿੱਖ ਉਬਾਰਿ ਅਸਿੱਖ ਸੰਘਰੋ॥

ਦੁਸ਼ਟ ਜਿਤੇ ਉਠਵਤ ਉਤਪਾਤਾ॥ ਸਕਲ ਮਲੇਛ ਕਰੋ ਰਣ ਘਾਤਾ॥੨੦॥

(ਹ) ਗੁਰੂ ਗੋਬਿੰਦ ਸਿੰਘ ਜੀ ਆਪਣੇ ਦੁਸ਼ਮਨਾਂ ਨੂੰ ਰੱਬ ਦੇ ਦੁਸ਼ਮਨ ਕਹਿਣ ਵਿੱਚ ਹੱਕ ਬਜਾਨਬ ਹਨ ਅਤੇ ਆਪਣੇ ਸੇਵਕਾਂ ਨੂੰ ਰੱਬ ਦੇ ਸੇਵਕ ਮੰਨਣ ਵਿੱਚ ਦਰੁਸਤ ਹਨ। ਜੇ ਗੁਰੂ ਦਸਮ ਪਾਤਿਸ਼ਾਹ ਦੇ ਯੁਧ ਮੰਤਵਾਂ ਦੀ ਪੜਤਾਲ ਕੀਤੀ ਜਾਵੇ ਤਾਂ ਇਹ ਗੱਲ ਹੋਰ ਵੀ ਸਾਫ਼ ਹੋ ਜਾਂਦੀ ਹੈ। ਉਨ੍ਹਾਂ ਆਪਣੇ ਯੁਧ-ਮੰਤਵ ਨੂੰ 'ਸ਼ੁਭ ਕਰਮਨ' ਕਿਹਾ ਹੈ :

ਦੇਹ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਅਪਨੀ ਜੀਤ ਕਰੋਂ ॥
ਅਰੁ ਸਿੱਖ ਹੀ ਅਪਨੇ ਹ਼ੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ ॥ ੨੩ ॥

ਆਮ ਤੌਰ ਉਤੇ ਸਾਡੇ ਦੇਸ਼ ਵਿੱਚ 'ਸ਼ੁਭ ਕਰਮਨ' ਦੇ ਅਰਥ ਦਾਨ ਪੁੰਨ ਜਾਂ ਵਿਅਕਤੀਗਤ ਪਰਉਪਕਾਰ ਸਮਝੇ ਜਾਂਦੇ ਹਨ, ਪਰ ਉਕਤ ਛੰਦ ਵਿੱਚ 'ਸ਼ੁਭ ਕਰਮਨ' ਦੇ ਅਰਥ ਸਮਾਜਿਕ ਨਿਆਂ ਲਈ ਸੰਘਰਸ਼ ਦੇ ਹੀ ਹੋ ਸਕਦੇ ਹਨ ਕਿਉਂਕਿ ਗੁਰੂ ਦਸ਼ਮੇਸ਼ ਪਿਤਾ ਜੀ ਦਾ ਦੁਸ਼ਮਨਾਂ ਨਾਲ ਜੂਝਣ ਦਾ ਇਸ ਤੋਂ ਇਲਾਵਾ ਹੋਰ ਕੋਈ ਕਾਰਨ ਨਹੀਂ ਸੀ। ਉਨ੍ਹਾਂ ਦਾ ਯੁਧ ਮੰਤਵ ਕਿਸੇ ਨਿਜੀ ਹਿਤ ਨੂੰ ਵੱਜੀ ਸਟ ਦੀ ਤਲਾਫ਼ੀ ਨਹੀਂ ਸੀ ਤੇ ਨਾ ਹੀ ਉਹ ਕਿਸੇ ਨੂੰ ਆਪਣਾ ਜ਼ਾਤੀ ਦੁਸ਼ਮਨ ਸਮਝਦੇ ਸਨ। ਉਹ ਕਿਸੇ ਇਲਾਕੇ ਦੇ ਰਾਜੇ ਤਾਂ ਸਨ ਨਹੀਂ, ਜੋ ਪੈਸੇ ਦੇ ਜ਼ੋਰ ਨਾਲ ਆਪਣੇ ਘਰਾਣੇ ਦੀ ਅਣਖ ਜਾਂ ਸ਼ਾਨ ਦੀ ਖ਼ਾਤਰ ਤਨਖ਼ਾਹਦਾਰ ਫ਼ੌਜਾਂ ਨੂੰ ਆਪਣੇ ਦੁਸ਼ਮਨਾਂ ਵਿਰੁਧ ਲੜਾ ਸਕਦੇ। ਫਿਰ ਉਨ੍ਹਾਂ ਦਾ ਸੰਘਰਸ਼ ਕਿਸੇ ਰਾਜੇ ਪਾਤਸ਼ਾਹ ਵਿਰੁਧ ਨਹੀਂ ਸੀ, ਇਹ ਯੁਧ ਤਾਂ ਅਧਰਮ ਵਿਰੁਧ ਸੀ। ਇਹ ਸੰਘਰਸ਼ ਭਾਰਤੀ ਅਧੋਗਤੀ, ਬੇਗੈਰਤੀ, ਬੇਸ਼ਰਮੀ ਤੇ ਬੇਧਰਮੀ ਨੂੰ ਦੂਰ ਕਰਨ ਲਈ ਸੀ।

ਜਿਸ ਤਰ੍ਹਾਂ ਆਮ ਲੋਕ ਗੁਰੂ ਦਸ਼ਮੇਸ਼ ਪਿਤਾ ਜੀ ਦੇ ਝੰਡੇ ਹੇਠ ਲੜਨ ਲਈ ਬਾਰ-ਬਾਰ ਤਤਪਰ ਹੋ ਜਾਂਦੇ ਸਨ, ਉਸ ਤੋਂ ਪਰਤੱਖ ਹੈ ਕਿ ਲੋਕਾਂ ਨੂੰ ਵਿਸ਼ਵਾਸ਼ ਸੀ ਕਿ ਉਹ ਕਿਸੇ ਸਮੂਹਕ ਭਲਾਈ ਤੇ ਗੈਰ-ਨਿਜੀ ਆਦਰਸ਼ ਦੀ ਖ਼ਾਤਰ ਸੰਘਰਸ਼ ਕਰ ਰਹੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਇਸ ਆਦਰਸ਼ ਤੇ ਉਦੇਸ਼ ਬਾਰੇ ਸਪਸ਼ਟ ਕੀਤਾ ਹੈ :

ਹਮ ਇਹ ਕਾਜ ਜਗਤ ਮੋ ਆਏ॥
ਧਰਮ ਹੇਤ ਗੁਰਦੇਵ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ॥
ਦੁਸਟ ਦੋਖੀਅਨ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ॥

ਸਮਝ ਲੇਹੁ ਸਾਧੂ ਸਭ ਮਨਮੈਂ॥
ਧਰਮ ਚਲਾਵਨ ਸੰਤ ਉਬਾਰਨ॥
ਦੁਸਟ ਸਭਨ ਕੋ ਮੂਲ ਉਪਾਰਨ॥੪੩॥

(ਬਚਿਤ੍ਰ ਨਾਟਕ, ਦਸ ਗ੍ਰੰਥੀ, ਪੰਨਾ ੧੪੨)

ਇਥੇ ਇਹ ਧਿਆਨ ਵਿੱਚ ਰਖਣਾ ਜ਼ਰੂਰੀ ਹੈ ਕਿ ਭਾਰਤ ਵਿੱਚ ਧਰਮ ਦੇ ਅਰਥ ਹਮੇਸ਼ਾ ਮਜ਼ਬ ਨਹੀਂ ਹੁੰਦੇ। 'ਜਪੁ' ਜੀ ਵਿੱਚ ਧੌਲ ਧਰਮ ਸੰਕੇਤ ਵਿੱਚ ਚਾਰ ਟੰਗਾਂ ਵਾਲਾ ਬਲਦ ਚਾਰ ਵਰਣਾਂ ਦੀ ਏਕਤਾ ਦਾ ਚਿੰਨ੍ਹ ਹੈ, ਜਥਾ : 'ਚਾਰੇ ਪੈਰ ਧਰਮ ਕੇ ਚਾਰਿ ਵਰਨ ਇਕ ਵਰਨੁ ਕਰਾਇਆ' (ਵਾਰਾਂ ਭਾਈ ਗੁਰਦਾਸ ਜੀ, ਪਹਿਲੀ ਵਾਰ, ਪਉੜੀ ੨੩)। ਨੇਕ ਬੰਦਿਆਂ ਦੀ ਉਨਤੀ ਲਈ ਦੁਸ਼ਟਾਂ ਨਾਲ ਟੱਕਰ ਲੈਣੀ ਤੇ ਸਮਾਜਿਕ ਨਿਆਂ ਵਰਤਾਉਣ ਦਾ ਹੀ ਦੂਜਾ ਨਾਂ ਧਰਮ ਹੈ ਤੇ ਇਥੇ ਇਹ ਅਰਥ ਕਰਨੇ ਹੀ ਯੋਗ ਲਗਦੇ ਹਨ। ਗੁਰੂ ਕਲਗੀਧਰ ਜੀ ਨੇ 'ਬਚਿਤ੍ਰ ਨਾਟਕ' ਵਿੱਚ ਉਪਰੋਕਤ ਸਤਰਾਂ ਲਿਖਣ ਤੋਂ ਪਹਿਲਾਂ ਦਸਿਆ ਹੈ ਕਿ ਉਨ੍ਹਾਂ ਦੇ ਜੀਵਨ ਦਾ ਇਹ ਧਰਮ ਚਲਾਉਣ ਵਾਲਾ ਮਨੋਰਥ ਉਨ੍ਹਾਂ ਨੂੰ ਅਕਾਲ ਪੁਰਖ ਵੱਲੋਂ ਸੌਂਪਿਆ ਗਿਆ ਸੀ:

ਅਕਾਲ ਪੁਰਖ ਬਾਚ ॥ ਚੌਪਈ॥
ਮੈ ਅਪਨਾ ਸੁਤ ਤੋਹਿ ਨਿਵਾਜਾ॥
ਪੰਥ ਪ੍ਰਚੁਰ ਕਰਬੇ ਕਹੁ ਸਾਜਾ॥
ਜਾਹਿ ਤਹਾਂ ਤੈ ਧਰਮ ਚਲਾਇ॥
ਕਬੁਧਿ ਕਰਨ ਤੇ ਲੋਕ ਹਟਾਇ॥੨੯॥

(ਬਚਿਤ੍ਰ ਨਾਟਕ, ਦਸ ਗ੍ਰੰਥੀ ਪੰਨਾ ੧੪੦)

ਇਸ ਦਾ ਸਾਫ਼ ਭਾਵ ਇਹ ਹੈ ਕਿ ਸਮਾਜਿਕ ਨਿਆਂ ਵਰਤਾਉਣ ਅਤੇ ਕਬੁਧਿ ਕਰਨ ਤੋਂ ਲੋਕਾਂ ਨੂੰ ਹਟਾਉਣ ਲਈ ਕੀਤਾ ਗਿਆ ਸੰਘਰਸ਼ ਈਸ਼ਵਰੀ ਨਿਯਮ ਦੇ ਅਨੁਕੂਲ ਹੈ। ਇਹ ਵਿਚਾਰ ਸਾਨੂੰ ਉਸ ਨੁਕਤੇ ਤੇ ਉਤੇ ਲੈ ਜਾਂਦਾ ਹੈ ਕਿ ਗੁਰੂ ਦਸ਼ਮੇਸ਼ ਜੀ ਦੇ ਦੁਸ਼ਮਨ ਅਕਾਲ ਪੁਰਖ ਦੇ ਈਸ਼ਵਰੀ ਨਿਯਮ ਦੇ ਦੁਸ਼ਮਨ ਸਨ।

ਇਸ ਤਰ੍ਹਾਂ ਸਮਝਣ ਦਾ ਅਸਰ ਸਿੱਖਾਂ ਉਤੇ ਡੂੰਘਾ ਪੈਂਦਾ ਸੀ। ਗੁਰੂ ਦਸ਼ਮੇਸ਼ ਪਿਤਾ ਜੀ ਦੀ ਕਮਾਨ ਵਿੱਚ ਜੂਝ ਰਹੀਆਂ ਫ਼ੌਜਾਂ ਨੂੰ ਯਕੀਨ ਹੋਵੇ ਕਿ ਉਹ ਜਿਨ੍ਹਾਂ ਵਿਰੋਧੀਆਂ ਨਾਲ ਲੜ ਰਹੇ ਹਨ, ਉਹ ਰੱਬ ਦੇ ਦੁਸ਼ਮਨ ਹਨ ਤਾਂ ਉਨ੍ਹਾਂ ਦੇ ਹੌਸਲੇ ਦਾ ਵੱਧ ਜਾਣਾ ਸੁਭਾਵਿਕ ਹੈ। ਉਨ੍ਹਾਂ ਦਾ ਆਪਣੀ ਜਿੱਤ ਉਤੇ ਭਰੋਸਾ ਬਣ ਜਾਣਾ ਵੀ ਯਕੀਨੀ ਹੋ ਜਾਂਦਾ ਹੈ। ਯੁਧ ਵਿੱਚ ਜਿੱਤ ਹਾਰ ਦਾ ਸੰਬੰਧ ਜੋਧਿਆਂ ਦੇ ਯੁਧ-ਮੰਤਵਾਂ ਨਾਲ ਹਮੇਸ਼ਾਂ ਵਧੇਰੇ ਹੁੰਦਾ ਹੈ। ਅਕਾਲ ਪੁਰਖ ਉਤੇ ਪੂਰਨ ਵਿਸ਼ਵਾਸ਼ ਤੇ ਭਰੋਸਾ ਰਖਣ ਵਾਲਾ ਸੂਰਮਾ ਪ੍ਰਤੀਤ ਕਰਦਾ ਹੈ ਕਿ ਅਕਾਲ ਪੁਰਖ ਮੇਰੇ ਨਾਲ ਹੈ, ਮੇਰੇ ਅੰਗ ਸੰਗ ਹੈ ਤਾਂ ਮੈਂ ਇਕੱਲਾ ਨਹੀਂ, ਬਹੁ ਸੰਮਤੀ ਵਿੱਚ ਹਾਂ।

(ਕ) ਵੈਸੇ ਵੀ ਜੇ ਸੱਚੇ ਸੂਰਮੇ ਦੇ ਮਨੋਵਿਗਿਆਨ ਨੂੰ ਚੰਗੀ ਤਰ੍ਹਾਂ ਘੋਖਿਆ ਜਾਏ ਤਾਂ ਦੁਸ਼ਟਾਂ ਨਾਲ ਉਸ ਦੇ ਵਿਰੋਧ ਦਾ ਆਧਾਰ ਨਿਦੋਸਿਆਂ, ਨਿਮਾਣਿਆਂ, ਨਿਤਾਣਿਆਂ ਨਾਲ ਉਸਦੀ ਹਮਦਰਦੀ ਦੀ ਪ੍ਰਬਲ ਭਾਵਨਾ ਸਿਧ ਹੁੰਦੀ ਹੈ। ਇਹ ਭਾਵਨਾ ਉਸ ਦੇ ਅੰਦਰ ਆਪਣੇ ਯੁਧ-ਮੰਤਵਾਂ ਦੇ ਸੱਚੇ ਹੋਣ ਦਾ ਯਕੀਨ ਪੈਦਾ ਕਰਦੀ ਹੈ। ਉਸ ਨੂੰ ਅਹਿਸਾਸ ਹੁੰਦਾ ਹੈ ਕਿ ਜਾਨ ਹੂਲੇ ਬਗੈਰ ਉਹ ਦੀਨਾਂ ਤੇ ਨਿਤਾਣਿਆਂ ਅਤੇ ਆਪਣੀਆਂ ਧੀਆਂ-ਭੈਣਾਂ ਦੀ ਇਜ਼ਤ ਨਹੀਂ ਬਚਾ ਸਕਦਾ। ਇਹ ਸਰਬ ਪ੍ਰਵਾਣਿਤ ਸਚਾਈ ਹੈ ਕਿ ਘਰ ਦਾ ਪਿਆਰ ਦੇਸ਼ ਪਿਆਰ ਦੀ ਨੀਂਹ ਹੈ। ਗੁਰੂ ਗੋਬਿੰਦ ਸਿੰਘ ਵਰਗੇ ਮਹਾਨ ਕ੍ਰਾਂਤੀਕਾਰੀ ਤੇ ਯੋਧਾ ਅੰਦਰ ਆਪਣੇ ਪਰਿਵਾਰ, ਸੰਬੰਧੀਆਂ ਤੋਂ ਛੁਟ ਆਪਣੇ ਸੇਵਕਾਂ ਤੇ ਸਾਧਾਰਣ ਲੋਕਾਂ ਦੀ ਰਖਿਆ ਕਰਨ ਦੀ ਵੀ ਤੜਪ ਸੀ। 'ਬੇਨਤੀ ਚੌਪਈ' ਦੇ ਦੂਜੇ ਛੰਦ ਵਿੱਚ ਹੀ ਉਚਾਰਦੇ ਹਨ :

ਹਮਰੇ ਦੁਸ਼ਟ ਸਭੈ ਤੁਮ ਘਾਵਹੁ ॥
ਆਪੁ ਹਾਥ ਦੈ ਮੁਹਿ ਬਚਾਵਹੁ ॥
ਸੁਖੀ ਬਸੈ ਮੋਰੋ ਪਰਿਵਾਰਾ ॥
ਸੇਵਕ ਸਿੱਖ ਸਭੈ ਕਰਤਾਰਾ ॥੨॥

ਗੁਰੂ ਦਸ਼ਮੇਸ਼ ਪਿਤਾ ਜੀ ਆਪਣੀ, ਆਪਣੇ ਪਰਿਵਾਰ ਦੀ, ਆਪਣੇ ਸੇਵਕਾਂ ਦੀ ਅਤੇ ਹੋਰਾਂ ਦੀ ਸੁਰੱਖਿਆ ਲਈ ਕਰਤਾਰ ਅੱਗੇ ਅਰਦਾਸ ਕਰਦੇ ਹਨ। ਇਸ ਅਰਦਾਸ ਦਾ ਮੰਤਵ ਹੈ ਕਿ ਜੋਧੇ ਨੂੰ ਯਕੀਨ ਹੋਵੇ ਕਿ ਜਿਸ ਉਚੇਰੇ ਮੰਤਵ ਲਈ ਉਹ ਜੂਝ ਰਿਹਾ ਹੈ, ਉਹ ਉਸਦਾ ਧਰਮ ਹੈ। ਨਿਆਂ, ਆਜ਼ਾਦੀ, ਅਮਨ, ਸੁਤੰਤਰ ਜੀਵਨ, ਧਰਮ ਆਦਿ ਦੀ ਉੱਚੀ ਕੀਮਤ ਨੂੰ ਸਵੀਕਾਰ ਕਰਨ ਵਾਲੇ ਮਨੁਖ ਹੀ ਇਨ੍ਹਾਂ ਕੀਮਤਾਂ ਦੀ ਰਾਖੀ ਲਈ ਜੂਝ ਸਕਦੇ ਹਨ। ਇਸ ਤਰ੍ਹਾਂ ਪੈਦਾ ਹੋਏ ਆਦਰਸ਼ ਤੇ ਜਿੱਤ ਦੇ ਵਿਸ਼ਵਾਸ਼ ਬਿਨਾਂ ਜੋਧੇ ਲਈ ਜਮ ਕੇ ਲੜਨਾ ਕਠਿਨ ਹੈ। ਅੱਜ ਕਲ ਦੀ ਸ਼ਬਦਾਵਲੀ ਵਿੱਚ ਇਸ ਨੂੰ ਹੌਂਸਲਾਂ ਅਫਜ਼ਾਈ (Morale Booster) ਕਹਿੰਦੇ ਹਨ। ਇਸ ਦ੍ਰਿਸ਼ਟੀਕੋਣ ਤੋਂ ਵੇਖਿਆਂ 'ਬੇਨਤੀ ਚੌਪਈ' ਦੀ ਬਾਣੀ ਦੀ ਸਿਰਜਣਾ ਹੌਂਸਲਾ ਉਸਾਰੀ ਦੇ ਮੰਤਵ ਨਾਲ ਕੀਤੀ ਸਿਧ ਹੁੰਦੀ ਹੈ। ਜਦ ਗੁਰੂ ਸਾਹਿਬ ਦੇ ਨਾਲ ਯੁਧਾਂ ਵਿੱਚ ਸ਼ਾਮਲ ਸਿੱਖਾਂ ਤੇ ਸੇਵਕਾਂ ਨੂੰ ਚੇਤੰਨ ਵਿਸ਼ਵਾਸ਼ ਹੁੰਦਾ ਹੋਵੇਗਾ ਕਿ ਸਾਡਾ ਕਰਤਵ ਦੁਸ਼ਟਾਂ ਦਾ ਨਾਸ਼ ਕਰਨਾ ਹੈ, ਜੋ ਮਨੁਖ ਤੇ ਰੱਬ ਸਭ ਦੇ ਵੈਰੀ ਹਨ, ਤਾਂ ਉਨ੍ਹਾਂ ਦੇ ਹੌਂਸਲੇ ਦਾ ਬਹੁਤ ਉੱਚਾ ਹੋ ਜਾਣਾ ਕੁਦਰਤੀ ਹੈ।

(ਖ) ਜਦ ਸੂਰਮਾਂ ਯੁਧ ਵੱਲ ਮੂੰਹ ਕਰਦਾ ਹੈ ਤਾਂ ਉਸ ਨੂੰ ਮੌਤ ਸਾਹਮਣੇ ਖੜੀ ਦਿਸਦੀ ਹੈਂ। ਮੌਤ ਦੀ ਸੰਭਾਵਨਾ ਮਨੁਖੀ ਮਨ ਵਿੱਚ ਸੁਭਾਵਿਕ ਤੌਰ ਉਤੇ ਤ੍ਰਾਸ ਪੈਦਾ ਕਰਦੀ ਹੈ। ਸੂਰਮਾ ਮੌਤ ਦੇ ਭੈ ਨਾਲ ਸੰਘਰਸ਼ ਕਰਦਾ ਹੋਇਆ ਅੱਗੇ ਵਧਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਦੀ ਇਸ ਮਾਨਸਿਕਤਾ ਨੂੰ

ਮੁਖ ਰਖਕੇ 'ਬੇਨਤੀ ਚੌਪਈ' ਵਿੱਚ ਮੌਤ ਦੇ ਭੈ ਨੂੰ ਜਿਤਣ ਲਈ ਵੀ ਅਰਦਾਸ ਕੀਤੀ ਹੈ :

ਆਪ ਹਾਥ ਦੈ ਮੁਝੈ ਉਬਰੀਐ॥
ਮਰਨ ਕਾਲ ਦਾ ਤ੍ਰਾਸ ਨਿਵਰਿਯੈ॥
ਹੂਜੋ ਸਦਾ ਹਮਾਰੇ ਪੱਛਾ॥
ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ॥੫॥

ਮੌਤ ਦੇ ਭੈ ਤੋਂ ਨਿਰਭੈ ਹੋਕੇ ਹੀ ਸੂਰਮਾ ਜਾਨ ਦੀ ਬਾਜ਼ੀ ਲਾਉਣ ਲਈ ਜੂਝ ਸਕਦਾ ਹੈ।

ਗੁਰਬਾਣੀ ਵਿੱਚ ਵੀ ਮੌਤ ਤੋਂ ਨਿਰਭੈ ਕਰਨ ਲਈ ਸਿੱਖੀ ਵਿੱਚ ਦਾਖਲੇ ਦੀ ਮਰਿਯਾਦਾ ਹੀ ਇਹੋ ਦਰਸਾਈ ਹੈ :

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸ॥੧॥

(ਮਾਰੂ ਮ. ੫, ਪੰਨਾ ੧੧੦੨)

(ਗ) ਗੁਰੂ ਗੋਬਿੰਦ ਸਿੰਘ ਜੀ ਨੇ ਕੌਮੀ ਜੀਵਨ ਨੂੰ ਗਿਰਾਵਟ ਦੇ ਟੋਏ ਵਿਚੋਂ ਕਢ ਕੇ ਹਕ-ਨਿਆਂ ਤੇ ਸਭਿਅਤਾ ਦੇ ਸਿਖਰ ਉਤੇ ਪਹੁੰਚਾਉਣ ਦਾ ਬੀੜਾ ਚੁਕਿਆ। ਇਸ ਪ੍ਰਯਤਨ ਵਿੱਚ ਸਮੇਂ ਦੀ ਮੁਗਲ ਸਰਕਾਰ ਵੱਲੋਂ ਹਰ ਤਰ੍ਹਾਂ ਦੇ ਵਿਘਨ ਪਾਏ ਜਾਂਦੇ ਰਹੇ, ਜਿਨ੍ਹਾਂ ਨੂੰ ਦੂਰ ਕਰਨ ਲਈ ਗੁਰੂ ਸਾਹਿਬ ਸਾਰੇ ਅਮਨ ਭਰਪੂਰ ਹੀਲੇ ਵਰਤਦੇ ਰਹੇ ਅਤੇ ਅੰਤ ਉਤੇ ਨੌਬਤ ਜੰਗ ਤੱਕ ਪਹੁੰਚ ਗਈ ਤਾਂ ਇਸ ਤੋਂ ਵੀ ਉਨ੍ਹਾਂ ਸੰਕੋਚ ਨਹੀਂ ਕੀਤਾ। ਉਨ੍ਹਾਂ ਦੀ ਨਜ਼ਰ ਹਮੇਸ਼ਾ ਇਕ ਐਸੇ ਸਮਾਜ ਤੇ ਭਾਈਚਾਰੇ ਦੀ ਸਥਾਪਤੀ ਤੇ ਲਗੀ ਹੋਈ ਸੀ, ਜਿਸ ਵਿੱਚ ਸਭ ਮਨੁਖ ਆਪਣੇ ਆਪ ਨੂੰ ਇਕੋ ਪ੍ਰਭੂ ਅੰਸ਼ ਜਾਣ ਕੇ ਮਨੁਖ-ਮਨੁਖ ਦੇ ਦਰਦੀ ਹੋਣ, ਇਕ ਦੂਜੇ ਦੇ ਸ਼ੁਭ ਚਿੰਤਕ ਹੋਣ, ਸੁਤੰਤਰ ਜੀਵਨ ਮਾਣਨ ਅਤੇ ਪਿਆਰ ਦੇ ਭਾਵਾਂ ਨਾਲ ਭਰਪੂਰ ਹੋ ਕੇ ਦਿਨ ਰਾਤ ਕਿਸੇ ਨ ਕਿਸੇ ਸਾਰਥਕ ਕੰਮ ਵਿੱਚ ਜੁਟੇ ਰਹਿਣ। ਗੁਰੂ ਗੋਬਿੰਦ ਸਿੰਘ ਜੀ ਦੁਆਲੇ ਜੋ ਸਿੱਖ ਇਕੱਤਰ ਹੋ ਰਹੇ ਸਨ, ਉਨ੍ਹਾਂ ਇਹ ਆਦਰਸ਼ ਪ੍ਰਵਾਨ ਕੀਤਾ ਹੋਇਆ ਸੀ। ਉਹ ਕਹਾਉਂਦੇ ਗੁਰੂ ਦਸ਼ਮੇਸ਼ ਜੀ ਦੇ ਸਿੱਖ ਸੇਵਕ ਸਨ ਪਰ ਵਾਸਤਵ ਵਿੱਚ ਉਹ ਨਵੇਂ ਸਮਾਜ ਨੂੰ ਹੋਂਦ ਵਿੱਚ ਲਿਆਉਣ ਵਾਲੇ ਕਾਰਜਕਰਤਾ ਸਨ।

(ਘ) ਗੁਰੂ ਗੋਬਿੰਦ ਸਿੰਘ ਜੀ ਦੀ ਮਾਨਵੀ ਭਾਵਾਂ ਨਾਲ ਭਰਪੂਰ ਸ਼ਖ਼ਸੀਅਤ ਨਵੇਂ ਮਾਨਵ ਸਮਾਜ ਦਾ ਚਿੰਨ੍ਹ ਜਾਂ ਇਕਰਾਰ ਸੀ। ਗੁਰੂ ਸਾਹਿਬ ਸਿੱਖਾਂ ਨੂੰ ਆਪਣੇ ਨਿਜੀ ਸੇਵਕ ਨਹੀਂ, ਨਵੇਂ ਸਮਾਜ ਦੇ ਸੇਵਕ ਬਣਾਉਣਾ ਚਾਹੁੰਦੇ ਸਨ। ਅਨੰਦਪੁਰ ਵਿੱਚ ਉਨ੍ਹਾਂ ਦੀ ਸਰਪ੍ਰਸਤੀ ਵਿੱਚ ਜਿਸ ਤਰ੍ਹਾਂ ਦੇ ਸਮੂਹਕ ਜੀਵਨ ਦੀ

ਯੋਜਨਾ ਬਣ ਰਹੀ ਸੀ ਤੇ ਵਰਤਾਰੇ ਵਿੱਚ ਆ ਰਹੀ ਸੀ, ਉਹ ਉਸ ਸਮਾਜ ਦਾ ਨਮੂਨਾ ਸੀ, ਜਿਸ ਦੇ ਸੁਪਨੇ ਹਰ ਦੇਸ਼ ਦੇ ਵਾਸੀ 'ਸਤਿਜੁਗ' ਜਾਂ ਰੱਬ ਦੀ ਧਰਤੀ ਉਤੇ ਪਾਤਸ਼ਾਹੀ ਆਦਿ ਨਾਵਾਂ ਹੇਠ ਸਦਾ ਲੈਂਦੇ ਹਨ। ਇਸ ਯੋਜਨਾ ਦੀ ਪੂਰਤੀ ਵਿੱਚ ਪਹਾੜੀ ਰਾਜਿਆਂ ਤੇ ਉਨ੍ਹਾਂ ਦੇ ਹਾਮੀ ਮੁਗਲ ਹਾਕਮਾਂ ਵੱਲੋਂ ਵਿਘਨ ਪਾਏ ਗਏ। ਗੁਰੂ ਸਾਹਿਬ ਨੇ ਪਹਾੜੀ ਰਾਜਿਆਂ ਤੇ ਮੁਗਲ ਹਾਕਮਾਂ ਦੀ ਇਹ ਚਣੌਤੀ ਕਬੂਲ ਕਰਕੇ ਆਪਣੇ ਰਾਹ ਵਿੱਚ ਰੋੜੇ ਅਟਕਾਉਣ ਵਾਲਿਆਂ ਦੇ ਟਾਕਰੇ ਲਈ ਨਿਸ਼ਚਾ ਧਾਰ ਲਿਆ। ਗੁਰੂ ਗੋਬਿੰਦ ਸਿੰਘ ਜੀ ਦੇ ਨਵੇਂ ਸਮਾਜ ਦੀ ਸਿਰਜਣਾ ਦੇ ਪਰਕਰਣ ਵਿੱਚ ਰਖ ਕੇ ਦੇਖੇ ਬਗੈਰ ਅਨੰਦਪੁਰ ਸਾਹਿਬ ਵਿੱਚ ਹੋਈਆਂ ਜੰਗੀ ਘਟਨਾਵਾਂ ਦੀ ਸਹੀ ਸਮਝ ਨਹੀਂ ਆ ਸਕਦੀ। ਗੁਰੂ ਸਾਹਿਬ ਦੀ ਕਮਾਨ ਹੇਠ ਜੂਝ ਰਹੀਆਂ ਸਿੱਖ ਫ਼ੌਜਾਂ ਇਸ ਲਈ ਡਟ ਕੇ ਜੂਝਦਿਆਂ ਜਿੱਤ ਪ੍ਰਾਪਤ ਕਰਨ ਲਈ ਦ੍ਰਿੜ੍ਹ ਸਨ ਕਿਉਂਕਿ ਉਹ ਸਤਿਜੁਗੀ ਸਮਾਜ ਨੂੰ ਛੇਤੀ ਤੋਂ ਛੇਤੀ ਅਸਲੀਅਤ ਵਿੱਚ ਲਿਆਉਣ ਲਈ ਉਤਾਵਲੀਆਂ ਸਨ। ਇਸ ਸਤਿਜੁਗੀ ਸਮਾਜ ਨੂੰ ਕਲਪਨਾ ਵਿੱਚ ਰੱਖਣ ਨਾਲ ਹੀ ਉਨ੍ਹਾਂ ਅੰਦਰ ਉਹ ਸ਼ਕਤੀ ਆਉਂਦੀ, ਜਿਹੜੀ ਜੁਝਾਰੂ ਸੂਰਮਿਆਂ ਨੂੰ ਮੌਤ ਤੋਂ ਨਿਰਭੈ ਕਰਨ ਦੇ ਸਮਰਥ ਹੁੰਦੀ ਹੈ।

(ਛ) ਗੁਰੂ ਗੋਬਿੰਦ ਸਿੰਘ ਜੀ ਮੌਤ ਤੋਂ ਉਕਾ ਨਿਰਭੈ ਸਨ। ਉਨ੍ਹਾਂ ਨੂੰ ਇਹ ਦ੍ਰਿੜ੍ਹ ਸੀ ਕਿ ਮੌਤ ਨੇ ਇਕ ਦਿਨ ਅਵੱਸ਼ ਆਉਣਾ ਹੈ। ਉਨ੍ਹਾਂ ਦੀ ਇਹ ਵੀ ਰੀਝ ਸੀ ਕਿ ਜਦੋਂ ਉਨ੍ਹਾਂ ਦਾ ਅੰਤ ਸਮਾਂ ਆ ਹੀ ਪਹੁੰਚੇ ਤਾਂ ਉਹ ਰਣਭੂਮੀ ਵਿੱਚ ਜੂਝਦੇ ਹੋਏ ਜੀਵਨ ਯਾਤਰਾ ਸਮਾਪਤ ਕਰਨ। ਪਰ ਇਸ ਦੇ ਬਾਵਜੂਦ ਉਹ ਵਿਅਕਤੀਗਤ ਸੂਰਮਗਤੀ ਦੇ ਜੌਹਰ ਦਿਖਾ ਕੇ ਅਮਰ ਸੂਰਮੇ ਦੀ ਪ੍ਰਸਿੱਧੀ ਪ੍ਰਾਪਤ ਕਰਨ ਲਈ ਹਕੂਮਤ ਨਾਲ ਟੱਕਰ ਨਹੀਂ ਸਨ ਲੈ ਰਹੇ। ਉਨ੍ਹਾਂ ਦਾ ਸੰਘਰਸ਼ ਕਿਸੇ ਨਿਜੀ ਹਿਤਾਂ ਦੇ ਆਧਾਰ ਉਤੇ ਨਹੀਂ ਸੀ। ਉਹ ਬਿਲਕੁਲ ਚੇਤੰਨ ਤੌਰ ਉਤੇ ਸਿੱਖ ਲਹਿਰ ਨੂੰ ਖਾਲਸਾ ਸਰੂਪ ਵਿੱਚ ਪਰਿਵਰਤਤ ਕਰਕੇ ਇਕ ਨਵੇਂ ਸਮਾਜ ਦੀ ਸਿਰਜਣਾ ਦੀ ਖਾਤਰ ਜੁੱਧ ਦੀ ਅਗਵਾਈ ਕਰਦੇ ਸਨ ਤੇ ਆਪਣੇ ਸਿੱਖ ਸੂਰਮਿਆਂ ਨੂੰ ਉਤਸਾਹਿਤ ਕਰਦੇ ਸਨ। ਜਦ ਉਹ ਨਿਜੀ ਰਖਿਆ ਲਈ ਅਰਦਾਸ ਕਰਦੇ ਹਨ ਤਾਂ ਮੌਤ ਤੋਂ ਡਰ ਕੇ ਨਹੀਂ, ਸਗੋਂ ਆਪਣੇ ਆਦਰਸ਼ਾਂ ਦੀ ਪ੍ਰਾਪਤੀ ਲਈ ਵੱਧ ਤੋਂ ਵੱਧ ਸਮੇਂ ਦੀ ਯਾਚਨਾ ਕਰਦੇ ਹਨ। ਇਸੇ ਲਈ ਉਹ ਆਪਣੇ ਰਖਿਆ ਦੇ ਨਾਲ-ਨਾਲ ਆਪਣੇ ਸਿੱਖਾਂ ਦੀ ਰਖਿਆ ਵੀ ਮੰਗਦੇ ਹਨ :

੧) ਅਬ ਰੱਛਾ ਮੇਰੀ ਤੁਮ ਕਰੋ॥ ਸਿੱਖ ਉਬਾਰ ਅਸਿੱਖ ਸੰਘਰੋ॥ .... ॥੨੦॥

੨) ਸੇਵਕ ਸਿੱਖ ਹਮਾਰੇ ਤਾਰੀਅਹਿ॥ਚੁਨਿ ਚੁਨਿ ਸੱਤ੍ਰ ਹਮਾਰੇ ਮਾਰੀਅਹਿ॥੫॥

ਜਦ ਗੁਰੂ ਗੋਬਿੰਦ ਸਿੰਘ ਜੀ ਨਾਲ ਜੂਝ ਰਹੇ ਸਿੱਖ ਇਸ ਚੌਪਈ ਦਾ ਪਾਠ ਕਰਦੇ ਹੋਣਗੇ ਕਿ ਗੁਰੂ ਸਾਹਿਬ ਸਾਡੀ ਰਖਿਆ ਦੀ ਖਾਤਰ ਰੱਬ ਅੱਗੇ ਅਰਦਾਸ

ਕਰਦੇ ਹਨ ਤਾਂ ਕੁਦਰਤੀ ਤੌਰ ਉਤੇ ਉਨ੍ਹਾਂ ਨੂੰ ਹੌਂਸਲਾ ਹੋ ਜਾਂਦਾ ਹੋਵੇਗਾ ਕਿ ਅਸੀਂ ਦੁਸ਼ਮਨ ਉਤੇ ਜ਼ਰੂਰ ਜਿੱਤ ਪ੍ਰਾਪਤ ਕਰਾਂਗੇ। ਵੈਸੇ ਵੀ ਆਮ ਬੰਦਿਆਂ ਵਿੱਚ ਵਿਸ਼ਵਾਸ਼ ਹੁੰਦਾ ਹੈ ਕਿ ਜੇ ਕਿਸੇ ਦੀ ਇਛਾ ਪੂਰਤੀ ਲਈ ਗੁਰ ਪੀਰ ਰੱਬ ਅੱਗੇ ਅਰਦਾਸ ਕਰ ਦਏ ਤਾਂ ਉਸ ਨੂੰ ਪੱਕਾ ਯਕੀਨ ਹੋ ਜਾਂਦਾ ਹੈ ਕਿ ਉਸ ਦੀ ਇੱਛਾ ਜ਼ਰੂਰ ਪੂਰੀ ਹੋਵੇਗੀ। ਭਾਰਤੀ ਲੋਕਾਂ ਦੇ ਇਸ ਮਨੋਵਿਗਿਆਨ ਨੂੰ ਮੁਖ ਰਖ ਕੇ ਜੇ ਇਸ ਬਾਣੀ ਦੇ ਪ੍ਰਭਾਵ ਨੂੰ ਸਮਝੀਏ ਤਾਂ ਇਸ ਦੀ ਵਿਉਂਤ ਬਹੁਤ ਹੀ ਸੂਝ ਨਾਲ ਕੀਤੀ ਹੋਈ ਲਗਦੀ ਹੈ। ਇਵੇਂ 'ਬੇਨਤੀ ਚੌਪਈ' ਦਾ ਇਹ ਅੰਗ ਵੀ ਹੌਂਸਲਾ (Morale) ਉਸਾਰੀ ਵਿੱਚ ਅਹਿਮ ਹਿੱਸਾ ਪਾਉਂਦਾ ਹੈ।

(ਚ) ਅਰਦਾਸ ਦੀ ਸਾਰਥਕਤਾ ਦਾ ਇਕ ਹੋਰ ਆਧਾਰ ਇਸ਼ਟ ਦਾ ਸੰਕਲਪ ਹੈ। ਜਿੰਨੀ ਵਡੀ ਸ਼ਕਤੀ ਦਾ ਮਾਲਕ ਇਸ਼ਟ ਮੰਨਿਆ ਜਾਵੇਗਾ, ਉਤਨਾਂ ਵੱਧ ਭਰੋਸਾ ਅਰਦਾਸ ਕਰਨ ਵਾਲੇ ਦੇ ਮਨ ਵਿੱਚ ਪੈਦਾ ਹੋ ਸਕੇਗਾ।ਗੁਰੂ ਦਸ਼ਮੇਸ਼ ਪਿਤਾ ਜੀ ਨੇ ਇਸ ਬਾਣੀ ਵਿੱਚ ਸਾਰੀ ਸ੍ਰਿਸ਼ਟੀ ਦੇ ਰੱਬ ਦੇ ਅਧੀਨ ਹੋਣ ਦੇ ਵਿਚਾਰ ਨੂੰ ਬੜੇ ਬਲਵਾਨ ਰੂਪ ਵਿੱਚ ਪ੍ਰਗਟ ਕੀਤਾ ਹੈ। ਇਹ ਇਸ਼ਟ ਦਾ ਸੰਕਲਪ ਹੀ ਅਰਦਾਸ ਦੀ ਬੁਨਿਆਦ ਹੈ। ਉਹ ਦਸਦੇ ਹਨ ਕਿ ਸਰਬ-ਸ਼ਕਤੀਮਾਨ ਨਿਰਾਕਾਰ ਅਕਾਲ ਪੁਰਖ ਹੀ ਰੂਪਮਾਨ ਹੋਕੇ ਅਨੇਕ ਸਰੂਪਾਂ ਵਿੱਚ ਸਾਕਾਰ ਹੈ :

ਏਕੈ ਰੂਪ ਅਨੂਪ ਸਰੂਪਾ॥ ਰੰਕ ਭਯੋ ਰਾਵ ਕਹੀ ਭੂਪਾ॥
ਅੰਡਜ ਜੇਰਜ ਸੇਤਜ ਕੀਨੀ॥ ਉਤਭੁਜ ਖਾਨਿ ਬਹੁਰਿ ਰਚਿ ਦੀਨੀ॥੧੮॥
ਕਹੂੰ ਫੂਲ ਰਾਜਾ ਹ੍ਵੈ ਬੈਠਾ॥ ਕਹੂੰ ਸਿਮਟਿ ਭਯੋ ਸੰਕਰ ਇਕੈਠਾ॥
ਸਗਰੀ ਸ੍ਰਿਸਟ ਦਿਖਾਇ ਅਚੰਭਵ॥ ਆਦਿ ਜੁਗਾਦਿ ਸਰੂਪ ਸੁਯੰਭਵ॥੧੯॥

ਜਿਸ ਸਰਬ-ਸ਼ਕਤੀਮਾਨ ਨੇ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ, ਜਦ ਚਾਹੇ ਇਸ ਨੂੰ ਸਮੇਟ ਕੇ ਫਿਰ ਅਫੁਰ ਅਵਸਥਾ ਵਿੱਚ ਸਮਾ ਸਕਦਾ ਹੈ। ਉਸ ਦੀ ਅਪਾਰ ਸ਼ਕਤੀ ਦਾ ਕੋਈ ਪਾਰਾਵਾਰ ਨਹੀਂ, ਉਹ ਇਕ ਤੋਂ ਅਨੇਕ ਅਤੇ ਦ੍ਰਿਸ਼ਮਾਨ ਤੋਂ ਅਦ੍ਰਿਸ਼ਟ ਹੋਣ ਦੀਆਂ ਖੇਡਾਂ ਨਿਤ ਖੇਡਦਾ ਰਹਿੰਦਾ ਹੈ। ਉਸ ਦੇ ਕੌਤਕਾਂ ਅਤੇ ਮੰਤਵਾਂ ਨੂੰ ਮਨੁਖ ਕਦੇ ਪੂਰੀ ਤਰ੍ਹਾਂ ਸਮਝ ਨਹੀਂ ਸਕਦਾ।

ਗੁਰਬਾਣੀ ਵਿੱਚ ਵੀ ਦਸਿਆ ਹੈ ਕਿ ਹੇ ਪ੍ਰਭੂ! ਤੇਰਾ ਕੋਈ ਰੰਗ ਨਹੀਂ; ਤੇਰੀ ਕੋਈ ਸ਼ਕਲ ਨਹੀਂ, ਤੇਰੀ ਸ਼ਕਤੀ ਅਪਾਰ ਹੈ। ਕੋਈ ਮਨੁਖ ਸੋਚ ਵੀ ਨਹੀਂ ਸਕਦਾ ਕਿ ਤੇਰੀ ਤਾਕਤ ਕਿਤਨੀ ਕੁ ਹੈ। ਤੂੰ ਪਉਣ, ਪਾਣੀ, ਧਰਤੀ, ਅਕਾਸ਼ ਸਭ ਥਾਈਂ ਅਤੇ ਸਭਨਾਂ ਵਿੱਚ ਵਿਆਪਕ ਹੈ। ਤੂੰ ਸਭਨਾਂ ਦੀ ਸਾਰ ਰੱਖਣ ਵਾਲਾ ਹੈ :

੧) ਤੇਰਾ ਵਰਨੁ ਨ ਜਾਪੈ ਰੂਪੁ ਨ ਲਖੀਐ
ਤੇਰੀ ਕੁਦਰਤਿ ਕਉਨੁ ਬੀਚਾਰੇ ॥
ਜਲ ਥਲ ਮਹੀਅਲਿ ਰਵਿਆ ਸ੍ਰਬ ਠਾਈ

ਅਗਮ ਰੂਪ ਗਿਰਧਾਰੇ ॥

(ਧਨਾਸਰੀ ਮ. ੫, ਪੰਨਾ ੬੭੦)

੨) ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ॥
ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ॥
ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ ॥
ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ ॥
ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ ॥
ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਂਹ ॥

(ਆਸਾ ਮ. ੧, ਪੰਨਾ ੪੬੭)

(ਛ) ਮਨੁਖੀ ਸਮਾਜ ਦੀਆਂ ਵਡੀਆਂ ਤੋਂ ਵਡੀਆਂ ਸ਼ਕਤੀਆਂ ਉਸ ਅਕਾਲ ਪੁਰਖ ਦੇ ਅਧੀਨ ਹਨ ਅਤੇ ਸਭ ਦੈਵੀ ਸ਼ਕਤੀਆਂ ਉਤੇ ਉਸਦਾ ਕੁੰਡਾ ਹੈ। ਬੇਨਤੀ ਚੌਪਈ ਵਿੱਚ ਦਰਸਾਇਆ ਹੈ।

ਕਾਲ ਪਾਇ ਬ੍ਰਹਮਾ ਬਪੁ ਧਰਾ॥ ਕਾਲ ਪਾਇ ਸਿਵ ਜੂ ਅਵਤਰਾ॥
ਕਾਲ ਪਾਇ ਕਰ ਬਿਸਨੁ ਪ੍ਰਕਾਸਾ॥ਸਕਲ ਕਾਲ ਕਾ ਕੀਆ ਤਮਾਸਾ॥੭॥
ਜਵਨ ਕਾਲ ਜੋਗੀ ਸਿਵ ਕੀਓ॥ ਬੇਦ ਰਾਜ ਬ੍ਰਹਮਾ ਜੂ ਥੀਓ॥
ਜਵਨ ਕਾਲ ਸਭ ਲੋਕ ਸਵਾਰਾ॥ ਨਮਸਕਾਰ ਹੈ ਤਾਹਿ ਹਮਾਰਾ॥੮॥
ਜਵਨ ਕਾਲ ਸਭ ਜਗਤ ਬਨਾਯੋ॥ ਦੇਵ ਦੈਤ ਜਛਨ ਉਪਜਾਯੋ॥
ਆਦਿ ਅੰਤ ਏਕੈ ਅਵਤਾਰਾ॥ ਸੋਈ ਗੁਰੂ ਸਮਝਿਯਹੁ ਹਮਾਰਾ॥ ੯॥

ਗੁਰੂ ਗੋਬਿੰਦ ਸਿੰਘ ਜੀ ਉਸ 'ਕਾਲ' ਨੂੰ ਆਪਣੀ ਅਰਦਾਸ ਦਾ ਇਸ਼ਟ ਦਰਸਾ ਰਹੇ ਹਨ, ਜੋ ਸਭ ਗੁਰੂਆਂ, ਅਵਤਾਰਾਂ, ਦੇਵਤਿਆਂ, ਦੈਂਤਾਂ ਦਾ ਰਚਣਹਾਰ ਹੈ। ਕਾਲ ਨਾਲ ਆਮ ਤੌਰ ਤੇ ਮੌਤ ਤੇ ਵਿਨਾਸ਼ ਦੇ ਖਿਆਲ ਜੁੜੇ ਹੋਏ ਹਨ, ਪਰ ਗੁਰੂ ਸਾਹਿਬ ਇੱਥੇ ਇਸ ਸ਼ਬਦ ਨਾਲ ਰਚਨਾਤਮਕ ਸ਼ਕਤੀ ਦੇ ਸੰਸਕਾਰ ਜੋੜ ਰਹੇ ਹਨ। ਅਕਾਲ ਪੁਰਖ ਨੂੰ ਪਹਿਲੇ ਕਾਲ ਕਹਿ ਕੇ, ਫਿਰ ਜਗਤ ਦਾ ਕਰਤਾ ਕਹਿਣ ਤੋਂ ਭਾਵ ਇਹ ਲਗਦਾ ਹੈ ਕਿ ਉਹ ਮਹਾਨ ਸ਼ਕਤੀ ਜੋ ਆਮ ਤੌਰ ਉਤੇ ਮੌਤ ਵਰਤਾਉਣ ਦੀ ਜ਼ਿੰਮੇਵਾਰ ਹੈ, ਉਹ ਜੀਵਨ ਦੇਣ ਵਾਲੀ ਵੀ ਹੈ। ਇਸ ਤੋਂ ਅੱਗੇ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਉਹ ਸ਼ਕਤੀ ਮਾਰਦੀ ਕਿਸਨੂੰ ਹੈ ਤੇ ਜੀਉਂਦਿਆਂ ਕਿਸ ਨੂੰ ਰਖਦੀ ਹੈ ? ਜੇ ਕਾਲ ਭਗਵਾਨ ਜੀਵਨ ਕਰਤਾ ਵੀ ਹੈ ਤਾਂ ਉਸ ਦੇ ਕਾਲ ਤੇ ਜੀਵਨ ਪ੍ਰਦਾਨ ਕਰਨ ਦੀ ਕਸਵਟੀ ਕੀ ਹੈ ? ਇਸ ਦਾ ਉਤਰ ਅਗਲੀ ਚੌਪਈ ਵਿੱਚ ਦਿੱਤਾ ਹੈ :

ਨਮਸਕਾਰ ਤਿਸ ਹੀ ਕੋ ਹਮਾਰੀ ॥ ਸਕਲ ਪ੍ਰਜਾ ਜਿਨ ਆਪ ਸਵਾਰੀ ॥
ਸਿਵਕਨ ਕੋ ਸਿਵਗੁਨ ਸੁਖ ਦੀਓ ॥ ਸੱਤ੍ਰਨ ਕੋ ਪਲ ਮੋ ਬਧ ਕੀਓ ॥੧੦॥

ਇਥੇ ਸਪਸ਼ਟ ਕੀਤਾ ਹੈ ਕਿ ਜੋ ਅਕਾਲ ਪੁਰਖ ਆਪਣੇ ਦੁਸ਼ਮਨਾਂ ਲਈ ਕਾਲ ਭਗਵਾਨ ਹੈ, ਉਹੀ ਸੇਵਕਾਂ ਲਈ ਸੁਖਦਾਤਾ ਹੈ। ਅਕਾਲ ਪੁਰਖ ਸਭ ਮਨੁਖਾਂ ਦਾ ਰਚਨਹਾਰ ਹੈ, ਸਭ ਉਤੇ ਆਮ ਤੌਰ ਉਤੇ ਕਿਰਪਾ ਦ੍ਰਿਸ਼ਟੀ ਹੀ ਰਖਦਾ ਹੈ ਕਿਉਂਕਿ ਸ਼ੁਭ-ਅਸ਼ੁਭ, ਨੇਕ-ਬਦ, ਸੇਵਕ-ਸ਼ਤਰੂ ਸਭ ਉਸ ਦੇ ਹੀ ਪੈਦਾ ਕੀਤੇ ਹੋਏ ਹਨ। ਪਰ ਉਹ ਸ੍ਰਿਸ਼ਟੀ ਤੋਂ ਨਿਰਲੇਪ ਹੁੰਦਿਆਂ ਵੀ ਇਸ ਵਿੱਚ ਵਿਆਪਕ ਹੈ। ਉਹ ਨਿਰਲੇਪ ਹੁੰਦਾ ਹੋਇਆ ਭਾਵੇਂ ਸਭ ਵਿਚਾਰਾਂ, ਫੁਰਨਿਆਂ, ਭਾਵਾਂ ਤੇ ਨਿਰਨਿਆਂ ਤੋਂ ਰਹਿਤ ਹੈ, ਪਰ ਵਿਆਪਕ ਹੁੰਦਾ ਹੋਇਆ ਸਭ ਘਟਨਾਵਾਂ ਦਾ ਸੋਮਾ ਤੇ ਸਭ ਮਨੁਖੀ ਅਨੁਭਵਾਂ ਵਿੱਚ ਭਾਗ ਲੈਣ ਵਾਲਾ ਹੈ। ਗੁਰੂ ਗੋਬਿੰਦ ਸਿੰਘ ਜੀ ਅਕਾਲ ਪੁਰਖ ਨੂੰ 'ਕਾਲ' ਕਹਿਣ ਤੇ ਨਾਲ ਚਿਤਾਵਨੀ ਦਿੰਦੇ ਹਨ ਕਿ ਇਹ ਕਾਲ ਉਸ ਕਾਲ (Time) ਤੋਂ ਬਿਲਕੁਲ ਭਿੰਨ ਹੈ, ਜਿਸ ਨੂੰ ਵਿਗਿਆਨੀ ਸਮਾਂ-ਵਿਥ ਮਿਣਨ ਲਈ ਵਰਤਦੇ ਹਨ। ਉਹ ਕਾਲ ਕੇਵਲ ਮਨੁਖੀ ਬੁੱਧੀ ਦੀ ਇਕ ਘਾੜਤ ਹੈ ਜੋ ਘਟਨਾਵਾਂ ਤੇ ਵਰਣਨ ਵਿੱਚ ਸਹਾਇਤਾ ਦਿੰਦਾ ਹੈ। ਘਟਨਾਵਾਂ ਨੂੰ ਵਰਤਾਉਣ ਦੀ ਤੇ ਬਦਲਣ ਦੀ ਸ਼ਕਤੀ ਉਸ ਵਿੱਚ ਨਹੀਂ। ਪਰ ਗੁਰੂ ਦਸ਼ਮੇਸ਼ ਜੀ ਦਾ 'ਕਾਲ' ਇਕ ਜੀਉਂਦੀ ਜਾਗਦੀ ਸ਼ਕਤੀ ਹੈ, ਜਿਹੜੀ ਸ੍ਰਿਸ਼ਟੀ ਦੀ ਰਚਨਾ ਕਰਦੀ ਹੈ, ਪਾਲਣਾ ਪੋਸਣਾ ਕਰਦੀ ਹੈ ਅਤੇ ਫਿਰ ਸਭ ਕੁਝ ਨੂੰ ਆਪਣੇ ਵਿੱਚ ਸਮਾ ਲੈਂਦੀ ਹੈ। ਗੁਰੂ ਸਾਹਿਬ ਕਾਲ ਨੂੰ ਕੇਵਲ ਸ਼ਕਤੀ ਹੀ ਨਹੀਂ ਮੰਨਦੇ, ਚੇਤਨ ਸ਼ਕਤੀ ਵੀ ਮੰਨਦੇ ਹਨ। ਗੁਰੂ ਸਾਹਿਬ ਦਾ ਕਾਲ ਇਕ ਵਾਸਤਵਿਕ ਹੋਂਦ ਹੈ, ਸਭ ਹੋਂਦਾਂ ਦਾ ਕਾਰਨ ਤੇ ਮੂਲ ਆਧਾਰ ਹੈ, ਉਹ ਇਕ ਚੇਤੰਨ ਹਸਤੀ ਦੇ ਸਭ ਗੁਣਾਂ ਦਾ ਧਾਰਨੀ ਹੈ।ਅਕਾਲ ਪੁਰਖ ਦੀ ਚੇਤਨਤਾ ਦੇ ਗੁਣ ਨੂੰ ਸਪਸ਼ਟ ਕਰਦਿਆਂ ਦਸਿਆ ਹੈ:

ਘਟ ਘਟ ਕੇ ਅੰਤਰ ਕੀ ਜਾਨਤ ॥ ਭਲੇ ਬੁਰੇ ਕੀ ਪੀਰ ਪਛਾਨਤ ॥
ਚੀਟੀ ਤੇ ਕੁੰਚਰ ਅਸਥੂਲਾ ॥ ਸਭ ਪਰ ਕ੍ਰਿਪਾ ਦ੍ਰਿਸਟਿ ਕਰ ਫੂਲਾ ॥੧੧॥

ਇਸ ਤਰ੍ਹਾਂ ਸਭ ਦੀ ਪੀੜ ਪਛਾਨਣ ਵਾਲਾ ਤੇ ਦਿਲਾਂ ਦੀਆਂ ਬੁਝਣ ਵਾਲਾ ਅਕਾਲ ਪੁਰਖ ਦੁਖੀ ਤੇ ਪੀੜਤ ਮਨੁਖਾਂ ਨੂੰ ਬਹੁਤ ਟੁੰਬਦਾ ਹੈ। ਇਹ ਨਿਆਂ ਰੱਬ ਹੈ। ਸੋ ਅਕਾਲ ਪੁਰਖ ਇਕ ਪਾਸੇ ਅਥਾਹ ਤੇ ਅਪਾਰ ਸ਼ਕਤੀ ਦਾ ਪੁੰਜ ਹੈ, ਦੂਸਰੇ ਪਾਸੇ ਪ੍ਰੇਮ ਦਾ ਸਾਕਾਰ ਸਰੂਪ ਹੈ। ਇਕ ਪਾਸੇ ਉਹ ਬ੍ਰਹਮੰਡ ਦੇ ਸਮੂਹ ਰਚਦਾ ਹੈ, ਦੂਸਰੇ ਪਾਸੇ ਨਿੱਕੀ ਕੀੜੀ ਤੋਂ ਲੈ ਕੇ ਹਾਥੀ ਤੱਕ ਉਤੇ ਮਿਹਰ ਦੀ ਦ੍ਰਿਸ਼ਟੀ ਧਾਰਦਾ ਹੈ ਅਤੇ ਇਕ-ਇਕ ਜੀਵ ਦੇ ਦੁਖ ਸੁਣ ਕੇ ਸਭ ਦੇ ਕਾਰਜ ਰਾਸ ਕਰਦਾ ਹੈ।

(ਜ) ਗੁਰੂ ਦਸ਼ਮੇਸ਼ ਜੀ ਉਕਤ ਤੋਂ ਅਗਲੇ ਛੰਦ ਵਿੱਚ ਦਰਸਾਉਂਦੇ ਹਨ ਕਿ ਅਕਾਲ ਪੁਰਖ ਦਾ ਹਿਰਦਾ ਕੇਵਲ ਕੋਮਲ ਹੀ ਨਹੀਂ, ਸਗੋਂ ਮਾਂ-ਵਰਗੀ ਪ੍ਰੇਮ ਦ੍ਰਵਤਾ ਭਰਪੂਰ ਹੈ :

ਸੰਤਨ ਦੁਖ ਪਾਏ ਤੇ ਦੁਖੀ ॥ ਸੁਖ ਪਾਏ ਸਾਧਨ ਕੇ ਸੁਖੀ ॥

ਏਕ ਏਕ ਦੀ ਪੀਰ ਪਛਾਨੈਂ ॥ ਘਟ ਘਟ ਕੀ ਪਟ ਪਟ ਕੀ ਜਾਨੈਂ ॥੧੨॥

ਇਹ ਤੁਕਾਂ ਬੜੀ ਸੁਗਮਤਾ ਨਾਲ ਲੋਕਾਂ ਦੀ ਜ਼ਬਾਨ ਤੇ ਚੜ੍ਹ ਜਾਂਦੀਆਂ ਹਨ। ਚਾਰੇ ਪਾਸਿਉਂ ਅਤਿਆਚਾਰਾਂ ਦੇ ਸਤਾਏ ਲੋਕ ਜਿਸ ਤਰ੍ਹਾਂ ਦੀ ਹਮਦਰਦੀ ਲੋਚਦੇ ਹਨ, ਉਸ ਦਾ ਪੂਰਨ ਇਕਰਾਰ ਇਸ ਚੌਪਈ ਵਿੱਚ ਹੈ। ਜਿਹੜਾ ਪਰਮਾਤਮਾ ਨੇਕ ਪੁਰਖਾਂ ਦੇ ਦੁਖ ਨੂੰ ਆਪਣਾ ਦੁਖ ਮੰਨਦਾ ਹੈ, ਉਸ ਅੱਗੇ ਤਾਂ ਅਰਦਾਸ ਕਰਨ ਦੀ ਵੀ ਲੋੜ ਨਹੀਂ ਹੁੰਦੀ। ਜੋ ਅਕਾਲ ਪੁਰਖ ਬਿਨਾਂ ਦਸਿਆਂ ਦਿਲਾਂ ਦੀਆਂ ਪੀੜਾਂ ਦੇਖ ਸਕਦਾ ਹੋਵੇ, ਬਿਨਾਂ ਮੰਗਿਆਂ ਦੁਖਾਂ ਨੂੰ ਹਰ ਸਕਦਾ ਹੋਵੇ, ਉਸ ਦੇ ਰਾਜ ਵਿੱਚ ਕਿਸੇ ਨਿਰਦੋਸ਼ ਮਜ਼ਲੂਮ ਨੂੰ ਹੌਂਸਲਾ ਹਰਨ ਦੀ ਕੀ ਲੋੜ ਹੈ ? ਕੇਵਲ ਅਕਾਲ ਪੁਰਖ ਦੇ ਆਪਣੇ ਬਿਰਦ ਪਾਲਣ ਉਤੇ ਪੂਰਨ ਭਰੋਸੇ ਦੀ ਲੋੜ ਹੈ।

(ਝ) ਇਵੇਂ ਗੁਰੂ ਗੋਬਿੰਦ ਸਿੰਘ ਜੀ 'ਬੇਨਤੀ ਚੌਪਈ' ਵਿੱਚ ਆਪ ਅਰਦਾਸ ਕਰਦੇ ਹਨ ਅਤੇ ਆਪਣੇ ਸਿੱਖਾਂ ਨੂੰ ਅਰਦਾਸ ਦੀ ਸਾਰਥਕਤਾ ਦੀ ਮਹਾਨਤਾ ਦ੍ਰਿੜ੍ਹ ਕਰਾਉਣ ਵੱਲ ਉਚੇਚਾ ਧਿਆਨ ਦਿੰਦੇ ਹਨ। ਇਸ ਬਾਣੀ ਵਿੱਚ ਦੁਖੀਆਂ ਨੂੰ ਅਕਾਲ ਪੁਰਖ ਅੱਗੇ ਆਪਣੇ ਦੁਖ ਖੁਲ੍ਹੇ ਦਿਲ ਨਾਲ ਪੇਸ਼ ਕਰਨ ਲਈ ਬਾਰ-ਬਾਰ ਤਾਕੀਦ ਕੀਤੀ ਹੈ :

ਜੇ ਅਸਿਧੁਜ ਤਵ ਸਰਨੀ ਪਰੇ॥ ਤਿਨ ਕੇ ਦੁਸਟ ਦੁਖਿਤ ਹ੍ਵੈ ਮਰੇ॥
ਪੁਰਖ ਜਵਨ ਪਗ ਪਰੇ ਤਿਹਾਰੇ॥ ਤਿਨ ਕੇ ਤੁਮ ਸੰਕਟ ਸਭ ਟਾਰੇ ॥੨੧॥
ਜੋ ਕਲਿ ਕੋ ਇਕ ਬਾਰ ਧਿਐ ਹੈਂ॥ ਤਾ ਕੇ ਕਾਲ ਨਿਕਟਿ ਨਹਿ ਐ ਹੈਂ ॥
ਰੱਛਾ ਹੋਇ ਤਾਹਿ ਸਭ ਕਾਲਾ॥ ਦੁਸਟ ਅਰਿਸਟ ਟਰੇਂ ਤਤਕਾਲਾ॥੨੨॥
ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਹੋ॥ ਤਾ ਕੇ ਤਾਪ ਤਨਕ ਮੋ ਹਰਿਹੋ॥
ਰਿੱਧਿ ਸਿੱਧਿ ਘਰ ਮੋ ਸਭ ਹੋਈ॥ ਦੁਸਟ ਛਾਹ ਛ੍ਵੈ ਸਕੈ ਨ ਕੋਈ॥
ਏਕ ਬਾਰ ਜਿਨ ਤੁਮੈ ਸੰਭਾਰਾ॥ ਕਾਲ ਫਾਸ ਤੇ ਤਾਹਿ ਉਬਾਰਾ॥
ਜਿਨ ਨਰ ਨਾਮ ਤਿਹਾਰੋ ਕਹਾ॥ ਦਾਰਿਦ ਦੁਸਟ ਦੋਖ ਤੇ ਰਹਾ॥੨੪॥

ਇਥੇ ਰੱਬ ਦੀ ਸ਼ਰਨ ਧਾਰਨ ਦੀ ਪ੍ਰੇਰਨਾ ਕਰਦੇ ਹੋਏ ਗੁਰੂ ਦਸ਼ਮੇਸ਼ ਜੀ ਨੇ ਇਸ ਗੱਲ ਉਤੇ ਵਿਸ਼ੇਸ਼ ਜ਼ੋਰ ਦਿੱਤਾ ਹੈ ਕਿ ਉਸ ਨੂੰ ਇਕ ਵਾਰ ਧਿਆਉਣ ਨਾਲ ਮੌਤ ਦਾ ਤ੍ਰਾਸ ਦੂਰ ਹੋ ਜਾਂਦਾ ਹੈ ਅਤੇ ਸਾਰੇ ਕਾਰਜ ਰਾਸ ਹੁੰਦੇ ਹਨ। ਪ੍ਰੋ. ਰਾਮ ਸਿੰਘ ਜੀ ਨੇ ਬਹੁਤ ਸੁੰਦਰ ਲਿਖਿਆ ਹੈ ਕਿ ਬਹੁਤ ਵੇਰਾਂ ਇਸ ਦਾ ਭਾਵ ਇਹ ਸਮਝਿਆ ਜਾਂਦਾ ਹੈ ਕਿ ਰੱਬ ਨੂੰ ਯਾਦ ਕਰਕੇ ਇਕ ਵਾਰੀ ਸਹਾਇਤਾ ਲਈ ਅਰਦਾਸ ਜੋਦੜੀ ਕਰ ਦਿੱਤੀ ਜਾਵੇ ਤਾਂ ਇਹ ਸੁਣੀ ਜਾਂਦੀ ਹੈ। ਪਰ ਅਸਲ ਵਿੱਚ ਬਹੁਤਾ ਇੰਜ ਹੁੰਦਾ ਨਹੀਂ। ਅਰਦਾਸ ਦੀ ਸਫਲਤਾ ਦਾ ਕੀ ਨਿਯਮ ਹੈ ? ਗੁਰੂ ਗੋਬਿੰਦ ਸਿੰਘ ਜੀ ਦੀ ਇਸ ਬਾਣੀ ਵਿੱਚ ਕੁਝ ਇਸ਼ਾਰੇ ਮਿਲਦੇ ਹਨ ਜਿਨ੍ਹਾਂ ਤੋਂ ਇਸ ਪ੍ਰਸ਼ਨ ਉਤੇ ਕੁਝ ਚਾਨਣਾ ਪੈਂਦਾ ਹੈ। ਇਸ ਬਾਣੀ ਦੇ ਸ਼ੁਰੂ ਵਿੱਚ ਹੀ ਉਨ੍ਹਾਂ ਨੇ ਆਪਣੀ ਸੁਰਖਿਆ

ਦੀ ਅਰਦਾਸ ਕਰਦੇ ਹੋਇਆ ਇਹ ਆਰਾਧਨਾ ਕੀਤੀ ਹੈ ਕਿ ਉਨ੍ਹਾਂ ਦਾ ਮਨ ਅਕਾਲ ਪੁਰਖ ਦੀ ਯਾਦ ਵਿੱਚ ਸਦਾ ਮਗਨ ਰਹੇ :

ਤਵ ਚਰਨਨ ਮਨ ਰਹੈ ਹਮਾਰਾ ॥ ਅਪਨਾ ਜਾਨ ਕਰੋ ਪ੍ਰਤਿਪਾਰਾ ॥੧॥ .....
ਪੂਰਨ ਹੋਇ ਹਮਾਰੀ ਆਸਾ ॥ ਤੋਰ ਭਜਨ ਕੀ ਰਹੈ ਪਿਆਸਾ ॥੩॥.....
ਤੁਮਹਿ ਛਾਡਿ ਕੋਈ ਅਵਰ ਨ ਧਿਯਾਊਂ ॥
ਜੋ ਬਰ ਚਹੋਂ ਸੁ ਤੁਮ ਤੇ ਪਾਊਂ ॥੪॥ ......

ਇਨ੍ਹਾਂ ਤੁਕਾਂ ਤੋਂ ਇਹ ਸਾਫ਼ ਸਪਸ਼ਟ ਹੈ ਕਿ ਸੰਕਟ ਕਾਲ ਵਿੱਚ ਹੀ ਅਕਾਲ ਪੁਰਖ ਦੀ ਰਖਿਆ ਪ੍ਰਾਪਤ ਕਰਨ ਲਈ ਇਹ ਕਾਫ਼ੀ ਨਹੀਂ ਕਿ ਕਿਸੇ ਸੰਕਟ ਸਮੇਂ ਹੀ ਸਹਾਇਤਾ ਲਈ ਅਰਦਾਸ ਕੀਤੀ ਜਾਏ। ਅਕਾਲ ਪੁਰਖ ਦੀ ਓਟ ਧਾਰਨ ਲਈ ਉਸ ਨੂੰ ਲਗਾਤਾਰ ਯਾਦ ਰਖਣਾ ਜ਼ਰੂਰੀ ਹੈ। ਰੱਬ ਉਤੇ ਪੱਕਾ ਯਕੀਨ ਉਸੇ ਹਾਲਤ ਵਿੱਚ ਹੀ ਬਝਦਾ ਹੈ, ਜਦੋਂ ਮਨੁਖ ਇਕਾਗਰ ਮਨ ਨਾਲ ਆਪਣੀ ਬਿਰਤੀ ਨੂੰ ਰੱਬ ਉਤੇ ਕੇਂਦ੍ਰਿਤ ਕਰ ਦਏ। ਮਨ ਦੀ ਇਕਾਗਰਤਾ ਅਰਦਾਸ ਦੀ ਸਫ਼ਲਤਾ ਲਈ ਪਹਿਲੀ ਸ਼ਰਤ ਹੈ। ਇਹ ਇਕਾਗਰਤਾ ਆਸਾਨੀ ਨਾਲ ਪੈਦਾ ਨਹੀਂ ਹੁੰਦੀ। ਸ਼ਾਇਦ ਇਸੇ ਕਾਰਨ ਬਹੁਤੇ ਲੋਕਾਂ ਦੀ ਅਰਦਾਸ ਸਿਰੇ ਨਹੀਂ ਚੜ੍ਹਦੀ। ਇਕਾਗਰਤਾ ਦਾ ਇਕ ਅਰਥ ਚਿਤ ਬਿਰਤੀ ਨੂੰ ਰੱਬ ਉਤੇ ਜੋੜਨ ਦਾ ਅਭਿਆਸ ਹੈ। ਇਹੋ ਨਾਮ ਸਿਮਰਨ ਹੈ। ਨਾਮ ਸਿਮਰਨ ਦੇ ਅਭਿਆਸ ਨਾਲ ਪ੍ਰੇਮਾ ਭਗਤੀ ਵਿੱਚ ਰੰਗੀਜਣ ਨਾਲ ਇਕਾਗਰਤਾ ਆਪ ਮੁਹਾਰੇ ਸਥਾਪਿਤ ਹੁੰਦੀ ਹੈ।

(ਵ) ਅਕਾਲ ਦੀ ਓਟ ਲਈ ਨਾਮ ਸਿਮਰਨ ਤੇ ਪ੍ਰੇਮਾ ਭਗਤੀ ਸਾਧਨ ਹੈ ਜਿਸ ਦਾ ਪਰਯੋਜਨ ਹੈ ਪ੍ਰਭੂ ਪ੍ਰੇਮ ਦੁਆਰਾ ਮਨੁਖਤਾ ਦੇ ਪ੍ਰੇਮ ਵਿੱਚ ਪਰੁਚ ਜਾਣਾ। ਮਨੁਖਤਾ ਦੇ ਪ੍ਰੇਮ ਦਾ ਭਾਵ ਹੈ ਸੰਤਾਂ ਜਾਂ ਨੇਕ ਲੋਕਾਂ ਦਾ ਸਾਥ ਦੇ ਕੇ ਦੁਸ਼ਟਾਂ ਨੂੰ ਬਿਦਾਰਨਾ। ਸੋ ਇਹ ਪ੍ਰਭੂ ਪ੍ਰੇਮ ਦਾ ਧਰਮ ਹੀ ਸਭ ਤੋਂ ਉੱਤਮ ਧਰਮ ਹੈ, ਇਹ ਹੀ ਉਤੱਮ ਸਿਧੀ ਹੈ, ਇਹੋ ਸ੍ਰੇਸ਼ਟ ਸੂਰਮਗਤੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਦ੍ਰਿਸ਼ਟੀਕੋਣ ਵਿੱਚ ਪ੍ਰਭੂ ਪ੍ਰੇਮ ਦਾ ਇਹ ਭਾਵ ਨਹੀਂ ਕਿ ਬਸ ਇਹ ਸਿਧਾਂਤ ਸਮਝਣਾ ਹੀ ਕਾਫ਼ੀ ਹੈ। ਆਪ ਵੇਖ ਰਹੇ ਸਨ ਕਿ ਮਨੁਖਤਾ ਵਿੱਚ ਅਗਿਆਨਤਾ ਬਹੁਤ ਹੈ। ਮਨੁਖ ਰਾਜ, ਦਾਨ, ਭੋਗ, ਮੋਖ ਆਦਿ ਦੇ ਧਰਮਾਂ ਵਿੱਚ ਲਗੇ ਪਏ ਹਨ। ਫਿਰ ਉਹ ਆਪੋ ਵਿੱਚ ਟਕਰਾ ਰਹੇ ਹਨ। ਵਿਸ਼ੇਸ਼ ਕਰਕੇ ਸੰਸਾਰ ਵਿੱਚ ਸੰਤ-ਅਸੰਤ ਦੀ ਟੱਕਰ ਚਲ ਰਹੀ ਹੈ। ਇਕ ਪਾਸੇ ਚੰਗਿਆਈ ਹੈ, ਦੂਜੇ ਪਾਸੇ ਬੁਰਿਆਈ ਹੈ, ਦੀਨ ਤੇ ਸੰਤ ਅਤੇ ਦੁਸ਼ਟਾਂ ਤੇ ਪਾਪੀਆਂ ਦੀ ਟੱਕਰ ਨਿਰੰਤਰ ਤੁਰਦੀ ਰਹਿੰਦੀ ਹੈ। ਇਸ ਟੱਕਰ ਨੇ ਹੀ ਸੰਸਾਰ ਦਾ ਸਾਰਾ ਇਤਿਹਾਸ ਪੈਦਾ ਕੀਤਾ ਹੈ। ਜੁਗਾਦਿ ਤੋਂ ਦੇਵਾਂ ਅਤੇ ਦੈਤਾਂ ਅਥਵਾ ਸੁਰ-ਅਸੁਰ ਸੰਘਰਸ਼ ਚਲ ਰਿਹਾ ਹੈ। ਇਹ ਦੇਵ-ਦੈਂਤ ਸੰਘਰਸ਼ ਅਕਾਲ ਪੁਰਖ ਦਾ ਆਪਣਾ ਰਚਿਆ ਤਮਾਸ਼ਾ ਹੈ, ਆਪ ਹੀ ਅਕਾਲ ਪੁਰਖ ਦੇਵਾਂ

ਅਤੇ ਸੰਤਾਂ ਨੂੰ ਦੈਤਾਂ ਅਥਵਾ ਦੁਸ਼ਟਾਂ ਦੇ ਮੁਕਾਬਲੇ ਲਈ ਲਾ ਦਿੰਦਾ ਹੈ ਤਾਂ ਜੋ ਸ੍ਰਿਸ਼ਟੀ ਦਾ ਉਧਾਰ ਹੋਵੇ। ਇਹ ਸਾਰਾ ਕੁਝ ਇਕੋ ਕਾਲ ਦਾ ਤਮਾਸ਼ਾ ਹੈ, ਪਰ ਹਰ ਥਾਂ ਓਪਰੀ ਨਜ਼ਰੇ ਵੇਖਿਆਂ ਇਕ ਦ੍ਵੰਦ ਹੈ। ਇਸ ਦਵੰਦ ਵਿੱਚ ਟੱਕਰ ਚਲ ਰਹੀ ਹੈ। ਇਸ ਟੱਕਰ ਵਿੱਚੋਂ ਹੀ ਤਮਾਸ਼ਾ ਪੈਦਾ ਹੁੰਦਾ ਹੈ। ਇਸ ਟੱਕਰ ਦੇ ਨਿਵਾਰਨ ਲਈ ਸਾਰੇ ਅਵਤਾਰ ਆਏ ਅਤੇ ਗੁਰੂ ਨਾਨਕ ਦੇਵ ਜੀ ਨੇ ਸੱਚ ਦਾ ਨਾਅਰਾ ਬੁਲੰਦ ਕੀਤਾ। ਇਸੇ ਵਿਚੋਂ ਹੀ ਗੁਰੂ ਦਸ਼ਮੇਸ਼ ਜੀ ਦੀ ਤਲਵਾਰ ਅਥਵਾ ਖੜਗ ਸੰਤਾਂ ਦੀ ਰਾਖੀ ਲਈ ਨਿਕਲੀ। ਖੜਗ ਹੀ ਸੰਤਾਂ ਦੇ ਉਬਾਰ ਲਈ ਦੁਸ਼ਟਾਂ ਦਾ ਨਾਸ ਕਰ ਸਕਦੀ ਹੈ। ਪਰ ਖੜਗ ਉਠਾਉਣ ਦੀ ਸ਼ਕਤੀ ਦਾ ਸੋਮਾ ਪ੍ਰਭੂ ਭਗਤੀ ਹੈ। ਸੰਸਾਰ ਵਿੱਚ ਇਸ ਨਿਰੰਤਰ ਚਲ ਰਹੇ ਸੰਘਰਸ਼ ਦੇ ਪ੍ਰਸੰਗ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਮਨੋਰਥ ਸੀ, ਮਨੁਖਾਂ ਨੂੰ ਖਾਲਸਾ ਰੂਪ ਵਿੱਚ ਉਭਾਰਨਾ ਤਾਂ ਜੋ ਖਾਲਸਾ ਸੰਤ-ਸਿਪਾਹੀ ਹੋ ਕੇ ਅਸੁਰਤਾ ਤੇ ਦੁਸ਼ਟਤਾ ਦਾ ਨਾਸ ਕਰੇ ਅਤੇ ਦੈਵੀ ਰਾਜ, ਦੈਵੀ ਧਰਮ, ਦੈਵੀ ਗ੍ਰਹਸਤ, ਦੈਵੀ ਮੋਖ ਨੂੰ ਸਥਾਪਤ ਕਰੇ। ਖਾਲਸੇ ਦਾ ਉਦੇਸ਼ ਉਹ ਮਨੁੱਖੀ ਸਮਾਜ ਉਸਾਰਨਾ ਹੈ, ਜਿਥੇ ਰੂਪ, ਰੰਗ, ਰੇਖ ਤੇ ਭੇਖ ਕਰਕੇ ਮਨੁਖ ਨਾਲ ਧੱਕਾ, ਅਨਿਆਂ, ਵਿਤਕਰਾ ਨਾ ਹੋਵੇ ਅਤੇ ਮਨੁਖੀ ਸਮਾਜ ਵਿਚੋਂ ਅਗਿਆਨਤਾ ਦਾ ਨਾਸ਼ ਹੋਵੇ। ਪਰ ਦੈਂਤ ਦੁਸ਼ਟਤਾ ਵਿਰੁਧ ਸੰਘਰਸ਼ ਲਈ ਸ਼ਕਤੀ ਦੀ ਲੋੜ ਹੈ। ਇਹ ਸ਼ਕਤੀ ਸਰੀਰਕ, ਮਾਨਸਿਕ, ਸਦਾਚਾਰਿਕ ਤੇ ਆਤਮਿਕ ਹੈ, ਜਿਸ ਦਾ ਸੋਮਾ ਅਕਾਲ ਪੁਰਖ ਦੀ ਭਗਤੀ ਹੈ। ਸੰਸਾਰ ਵਿੱਚ ਨਿਆਂ ਅਤੇ ਸੱਚ ਸਰਵੋਤਮ ਹਨ। ਇਸ ਦੇ ਵਰਤਾਰੇ ਲਈ ਹਿੰਸਾ ਅਤੇ ਅਹਿੰਸਾ ਦਾ ਝਗੜਾ ਬੇਲੋੜਾ ਹੈ। ਨਿਆਂ ਤੇ ਸੱਚ ਤੇ ਪਹਿਰਾ ਦੇਣਾ ਹੈ। ਜੇ ਸਭ ਹੀਲੇ ਵਰਤਣ ਬਾਅਦ ਤਲਵਾਰ ਵੀ ਉਠਾਉਣੀ ਪਵੇ, ਇਹ ਜਾਇਜ਼ ਹੈ।ਇਹ ਜੀਵਨ ਦੀ ਵਾਸਤਵਿਕਤਾ ਤੇ ਅਸਲੀਅਤ ਨੂੰ ਅਮਲੀ ਕੋਣ ਤੋਂ ਵੇਖਣ ਦਾ ਸਿਧਾਂਤ ਹੈ।

(ਟ) ਗੁਰੂ ਗੋਬਿੰਦ ਸਿੰਘ ਜੀ ਪ੍ਰਭੂ ਪ੍ਰੇਮ ਤੇ ਨਾਮ ਸਿਮਰਨ ਵਿੱਚ ਮਨ ਦੀ ਇਕਾਗਰਤਾ ਦੀ ਬੁਨਿਆਦ ਬੰਨ੍ਹਣ ਲਈ ਪਹਿਲੇ ਇਹ ਗੱਲ ਸਪਸ਼ਟ ਕਰਦੇ ਹਨ ਕਿ ਸਿਵਾਏ ਅਕਾਲ ਪੁਰਖ ਦੇ ਹੋਰ ਕੋਈ ਓਟ ਧਾਰਨ ਨਹੀਂ ਕਰਨੀ। ਜਦ ਸਾਧਾਰਨ ਮਨੁਖ ਅਰਦਾਸ ਕਰਦਾ ਹੈ ਤਾਂ ਉਸ ਦੇ ਮਨ ਵਿੱਚ ਸਪਸ਼ਟਤਾ ਪੂਰੀ ਤਰ੍ਹਾਂ ਨਹੀਂ ਪੈਦਾ ਹੁੰਦੀ। ਉਹ ਅਚੇਤ, ਅਰਧ ਚੇਤ ਜਾਂ ਸੁਚੇਤ ਤੌਰ ਉਤੇ ਹੋਰਨਾਂ ਤੇ ਭਰੋਸਾ ਵੀ ਜਤਾਉਂਦਾ ਹੈ। ਇਸ ਤਰ੍ਹਾਂ ਵੰਡਿਆਂ ਹੋਇਆ ਭਰੋਸਾ ਅਰਦਾਸ ਨੂੰ ਨਿਰਬਲ ਕਰਦਾ ਹੈ। ਸੰਸਾਰਕ ਵਸੀਲਿਆਂ ਤੋਂ ਧਾਰਮਿਕ ਵਿਸ਼ਵਾਸ਼ ਵਾਲੇ ਲੋਕਾਂ ਵਿੱਚ ਇਕ ਹੋਰ ਤਰ੍ਹਾਂ ਦੀ ਦੁਚਿਤੀ ਵੀ ਉਗਮਦੀ ਹੈ ਕਿ ਉਹ ਸਿੱਧਾ ਰੱਬ ਪਾਸੋਂ ਸੁਰੱਖਿਆ ਮੰਗਣ ਜਾਂ ਕਿਸੇ ਮਹਾਂਪੁਰਖ ਪਾਸੋਂ ਜਾਂ ਕਿਸੇ ਹੋਰ ਮਨੁਖੀ ਇਸ਼ਟ ਕੋਲੋਂ। ਗੁਰੂ ਦਸ਼ਮੇਸ਼ ਜੀ ਬੜੇ ਸਾਫ਼ ਸ਼ਬਦਾਂ ਵਿੱਚ ਦਸਦੇ ਹਨ ਕਿ ਉਨ੍ਹਾਂ ਦੀ ਆਸ ਸਿਵਾਏ

ਅਕਾਲ ਪੁਰਖ ਦੇ ਹੋਰ ਕਿਸੇ ਉਤੇ ਨਹੀਂ ਅਤੇ ਇਹੋ ਪ੍ਰੇਰਨਾ ਉਹ ਆਪਣੇ ਸਿੱਖਾਂ ਨੂੰ ਵੀ ਦਿੰਦੇ ਹਨ। ਕੇਵਲ ਅਕਾਲ ਪੁਰਖ ਅੱਗੇ ਇਕਾਗਰ ਬਿਰਤੀ ਨਾਲ ਕੀਤੀ ਅਰਦਾਸ ਨਾਲ ਕਾਰਜ ਰਾਸ ਹੁੰਦੇ ਹਨ। ਇਸ ਵਾਸਤੇ ਹੋਰ ਸਭ ਤਰ੍ਹਾਂ ਦੀਆਂ ਦੁਚਿਤੀਆਂ ਤੋਂ ਮੁਕਤ ਹੋਣਾ ਜ਼ਰੂਰੀ ਹੈ।

ਇਸ ਬਾਣੀ ਵਿੱਚ ਇਸ਼ਟ ਬਾਬਤ ਭੁਲੇਖਾ ਪੈਣ ਦੀ ਗੁੰਜਾਇਸ਼ ਨੂੰ ਦੂਰ ਕੀਤਾ ਹੈ। ਨਿਰੋਲ ਇਕ ਅਕਾਲ ਪੁਰਖ ਨੂੰ ਇਸ਼ਟ ਮੰਨਣ ਲਈ ਵੀ ਸੁਲਝੀ ਹੋਈ ਸੋਚ ਦੀ ਲੋੜ ਹੈ। ਸਾਧਾਰਣ ਵਿਅਕਤੀ ਦੀ ਰੁਚੀ ਕਿਸੇ ਐਸੇ ਇਸ਼ਟ ਦੀ ਪੂਜਾ ਕਰਨਾ ਲੋਚਦੀ ਹੈ, ਜੋ ਉਸ ਦੀ ਕਲਪਨਾ ਵਿੱਚ ਆ ਸਕੇ ਅਤੇ ਜਿਸ ਦਾ ਕੋਈ ਵਿਸ਼ੇਸ਼ ਅਨੁਮਾਨ ਬਣਾ ਸਕੇ। ਇਸ ਰੁਚੀ ਨੇ ਚਿੰਨ੍ਹਵਾਦ ਨੂੰ ਜਨਮ ਦਿੱਤਾ ਸੀ। ਇਸ ਚਿੰਨ੍ਹਵਾਦ ਨੇ ਮੂਰਤੀ ਪੂਜਾ ਦਾ ਰਿਵਾਜ ਪਾਇਆ ਸੀ। ਗੁਰਬਾਣੀ ਮੂਰਤੀ ਪੂਜਾ ਦੇ ਵਿਰੁਧ ਹੈ। ਗੁਰੂ ਦਸ਼ਮੇਸ਼ ਜੀ ਵੀ ਮੂਰਤੀ ਪੂਜਾ ਦੀ ਵਿਰੋਧਤਾ ਕਰਦੇ ਹਨ ਕਿਉਂਕਿ ਉਨ੍ਹਾਂ ਦੇ ਸਮੇਂ ਮੂਰਤੀਆਂ ਦਾ ਚਿੰਨ੍ਹਵਾਦ ਜੀਉਂਦਾ ਨਹੀਂ ਸੀ ਰਿਹਾ। ਆਮ ਲੋਕੀ ਮੂਰਤੀ ਨੂੰ ਅਸੀਮਤ ਰੱਬ ਦਾ ਚਿੰਨ੍ਹ ਸਮਝਣ ਦੀ ਬਜਾਏ ਮੂਰਤੀ ਨੂੰ ਹੀ ਆਪਣੇ ਆਪ ਵਿੱਚ ਮਹੱਤਵਪੂਰਣ ਹੋਂਦ ਮੰਨਣ ਲੱਗ ਪਏ ਸਨ। ਜੇ ਕੋਈ ਜਾਬਰ ਉਨ੍ਹਾਂ ਦੀ ਮੂਰਤੀ ਨੂੰ ਤੋੜ ਦਿੰਦਾ ਤਾਂ ਉਹ ਆਪਣੇ ਆਪ ਨੂੰ ਓਟ ਹੀਣ ਪ੍ਰਤੀਤ ਕਰਨ ਲਗ ਪੈਂਦੇ ਸਨ। ਵੈਸੇ ਵੀ ਪੱਥਰ ਦੀ ਮੂਰਤੀ ਨੂੰ ਓਟ ਦੇਣ ਦੇ ਸਮੱਰਥ ਗਿਣਨਾ ਨਿਰਾਸ਼ਾਵਾਦ ਦਾ ਮੁੱਢ ਬੰਨ੍ਹਣਾ ਹੈ ਕਿਉਂਕਿ ਚਿੰਨ੍ਹ ਵਿੱਚ ਆਪਣੀ ਸ਼ਕਤੀ ਨਹੀਂ ਹੁੰਦੀ। ਚਿੰਨ੍ਹ ਜਿਸ ਸ਼ਕਤੀ ਦਾ ਪ੍ਰਤਿਨਿਧ ਹੁੰਦਾ ਹੈ, ਸ਼ਕਤੀ ਦਾ ਸੋਮਾ ਉਹ ਹੋਂਦ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਚਿੰਨ੍ਹਾਂ, ਅਥਵਾ ਮੂਰਤੀਆਂ ਦਾ ਤਿਆਗ ਕਰਕੇ ਸਿਧੀ ਦੈਵੀ ਹੋਂਦ ਅਕਾਲ ਪੁਰਖ ਨੂੰ ਇਸ਼ਟ ਮੰਨਣ ਉਤੇ ਜ਼ੋਰ ਦੇਣ ਦੀ ਖਾਤਰ ਇਹ ਦ੍ਰਿੜ੍ਹ ਕਰਾਇਆ ਹੈ ਕਿ ਇਸ਼ਟ ਨੂੰ ਕਲਪਨਾ ਦੇ ਘੇਰੇ ਵਿੱਚ ਬੰਨ੍ਹਣ ਦੀ ਮੂਲ ਰੁਚੀ ਹੀ ਗਲਤ ਹੈ। ਦੈਵੀ ਅਕਾਲ ਪੁਰਖ ਦੀ ਹੋਂਦ ਨੂੰ ਉਸ ਦੀ ਅਸੀਮਤਾ ਤੇ ਬੇਅੰਤਤਾ ਦੇ ਲਛਣਾਂ ਵਿੱਚ ਹੀ ਸਵੀਕਾਰ ਕਰਨੀ ਚਾਹੀਦੀ ਹੈ :

ਨਿਰੰਕਾਰ ਨ੍ਰਿਬਿਕਾਰ ਨ੍ਰਿਲੰਭ॥ ਆਦਿ ਅਨੀਲ ਅਨਾਦਿ ਅਸੰਭ॥
ਤਾ ਕਾ ਮੂੜ੍ਹ ਉਚਾਰਤ ਭੇਦਾ॥ ਜਾ ਕੋ ਭੇਵ ਨ ਪਾਵਤ ਬੇਦਾ॥੧੫॥
ਤਾ ਕੋ ਕਰਿ ਪਾਹਨ ਅਨੁਮਾਨਤ॥ ਮਹਾ ਮੂੜ੍ਹ ਕਛੁ ਭੇਦ ਨ ਜਾਨਤ॥
ਮਹਾ ਦੇਵ ਕੋ ਕਹਤ ਸਦਾ ਸਿਵ॥ ਨਿਰੰਕਾਰ ਕਾ ਚੀਨਤ ਨਹਿ ਭਿਵ॥੧੬॥
ਆਪੁ ਅਪੁਨੀ ਬੁਧਿ ਹੈ ਜੇਤੀ॥ ਬਰਨਤ ਭਿੰਨ ਭਿੰਨ ਤੁਹਿ ਤੇਤੀ॥
ਤੁਮਰਾ ਲਖਾ ਨ ਜਾਇ ਪਸਾਰਾ॥ ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥੧੭॥

ਕਿਸੇ ਦੇਵਤੇ ਜਾਂ ਅਵਤਾਰ ਦੀ ਮੂਰਤੀ ਨੂੰ ਪੂਜਣਾ ਜਿਵੇਂ ਮੁਰਦਾ ਓਟ ਧਾਰਨਾ ਹੈ, ਤਿਵੇਂ ਕਿਸੇ ਵੀ ਹੋਰ ਸੀਮਤ ਹੋਂਦ ਨੂੰ ਮੰਨਣਾ ਅਰਦਾਸ ਦੀ ਸ਼ਕਤੀ ਦੀ ਸਾਰਥਕਤਾ

ਘਟਾਉਣਾ ਹੈ। ਪੂਰਨ ਇਕਾਗਰਤਾ ਤਾਂ ਇਕੋ ਇਕ ਬੇਅੰਤ ਹੋਂਦ ਅਕਾਲ ਪੁਰਖ ਉਤੇ ਮਨ ਨੂੰ ਕੇਂਦ੍ਰਿਤ ਕੀਤਿਆਂ ਹੀ ਸੰਭਵ ਹੈ। ਕਿਸੇ ਮਨੁਖ ਦੀ ਓਟ ਵੀ ਸੀਮਤ ਚੀਜ਼ ਦੀ ਓਟ ਹੈ ਭਾਵੇਂ ਉਹ ਕਿਤਨਾ ਹੀ ਸ਼ਕਤੀਸ਼ਾਲੀ ਹੋਵੇ। ਸੀਮਤ ਵਸਤ ਨੂੰ ਇਸ਼ਟ ਮੰਨਣ ਤੋਂ ਵਰਜਣ ਵਾਲੇ ਗੁਰੂ ਦਸ਼ਮੇਸ਼ ਜੀ ਇਹ ਜ਼ਰੂਰ ਮਹਿਸੂਸ ਕਰਦੇ ਹੋਣਗੇ ਕਿ ਨਿਰੰਕਾਰ ਰੱਬ ਦੇ ਗੁਣ ਇਤਨੇ ਬੇਅੰਤ ਹਨ ਕਿ ਮਨੁਖੀ ਬੁਧੀ ਦੀ ਪਕੜ ਤੇ ਕਥਨ ਵਿੱਚ ਨਹੀਂ ਆ ਸਕਦੇ। ਨਿਰੰਕਾਰ ਸਭ ਗੁਣਾਂ ਅਤੇ ਲਛਣਾਂ ਤੋਂ ਉਪਰ ਹੈ।

ਪਰ ਅਜਿਹਾ ਇਸ਼ਟ ਵੀ ਮਨੁਖੀ ਭਾਵਾਂ ਨੂੰ ਖਿਚ ਨਹੀਂ ਪਾ ਸਕਦਾ। ਨਿਰਗੁਣ ਰੱਬ ਤੇ ਮੂਰਤੀ ਦੇ ਵਿਚਕਾਰ ਗੁਰੂ ਦਸ਼ਮੇਸ਼ ਜੀ ਨੇ ਗੁਰਬਾਣੀ ਦੁਆਰਾ ਦਰਸਾਏ ਸਰਗੁਣ ਰੱਬ ਨੂੰ ਮੰਨਣ ਦਾ ਰਾਹ ਖੋਲ੍ਹਿਆ, ਜੋ ਸਭ ਗੁਣਾਂ ਦਾ ਪੁੰਜ ਹੈ, ਜਿਸ ਦਾ ਹਰ ਗੁਣ ਅਸੀਮਿਤ ਹੈ, ਮੂਰਤੀ ਦੀ ਤਰ੍ਹਾਂ ਸੀਮਤ ਨਹੀਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੀ ਦਸਿਆ ਹੈ ਕਿ ਬ੍ਰਹਮਾ, ਬਿਸ਼ਨ ਤੇ ਸ਼ੰਕਰ ਵਰਗੇ ਦੇਵਤੇ ਅਕਾਲ ਪੁਰਖ ਦੀ ਕਿਰਤ ਹਨ ਅਤੇ ਉਸ ਦੇ ਹੁਕਮ ਵਿੱਚ ਵਿਚਰੇ ਹਨ। ਇਸ ਸਭ ਅਕਾਲ ਪੁਰਖ ਨੇ ਪੈਦਾ ਕੀਤੇ ਤੇ ਖ਼ਤਮ ਕੀਤੇ। ਸੋ ਇਸ਼ਟ ਕੇਵਲ 'ਹਰਿ' ਹੀ ਹੈ। ਦੇਵੀ ਦੇਵਤਿਆਂ ਨੂੰ ਇਸ਼ਟ ਜਾਣ ਕੇ ਪੂਜਣਾ ਭੁਲੇਖੇ ਵਾਲਾ ਭਰਮ ਹੈ:

੧) ਕੋਟਿ ਬਿਸਨ ਕੀਨੇ ਅਵਤਾਰ ॥ ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ ॥
ਕੋਟਿ ਮਹੇਸ ਉਪਾਇ ਸਮਾਏ ॥ ਕੋਟਿ ਬ੍ਰਹਮੇ ਜਗੁ ਸਾਜਣ ਲਾਏ ॥੧॥
ਐਸੋ ਧਣੀ ਗੁਵਿੰਦੁ ਹਮਾਰਾ॥ ਬਰਨਿ ਨ ਸਾਕਉ ਗੁਣ ਬਿਸਥਾਰਾ॥੧॥ ਰਹਾਉ ॥
(ਭੈਰਉ ਮ. ੫, ਪੰਨਾ ੧੧੫੬)

੨) ਸਤਿਗੁਰੁ ਜਾਗਤਾ ਹੈ ਦੇਉ ॥੧॥ ਰਹਾਉ ॥
ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ ॥
ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ ॥੨॥
ਪਾਖਾਨ ਗਢਿ ਕੈ ਮੂਰਤਿ ਕੀਨ੍ਹੀ ਦੇ ਕੈ ਛਾਤੀ ਪਾਉ ॥
ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ ॥
(ਆਸਾ ਕਬੀਰ ਜੀ, ਪੰਨਾ ੪੭੯)

(ਠ) 'ਬੇਨਤੀ ਚੌਪਈ' ਵਿੱਚ ਅਕਾਲ ਪੁਰਖ ਦੇ ਸਰਬ-ਸ਼ਕਤੀਮਾਨ ਹੋਣ ਦੇ ਗੁਣ ਨੂੰ ਬਲਸ਼ਾਲੀ ਢੰਗ ਨਾਲ ਉਘਾੜ ਕੇ ਪੇਸ਼ ਕਰਨ ਲਈ, ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਨੂੰ 'ਅਸਿਧੁਜ', 'ਖੜਗ ਕੇਤ' 'ਕਾਲ' ਆਦਿ ਲੋਹ-ਸਰੂਪ ਨਾਵਾਂ ਨਾਲ ਧਿਆਉਂਦਿਆਂ ਉਸ ਦੀ ਰਚਨਾਤਮਕਤਾ ਅਤੇ ਸ਼ਕਤੀ ਨੂੰ ਬਾਰ-ਬਾਰ

ਧਿਆਨ ਗੋਚਰੇ ਕਰਾਇਆ ਹੈ। ਇਹ 'ਸ੍ਰੀ ਅਸਿਧੁਜ' 'ਖੜਗ ਕੇਤ', 'ਸ੍ਰੀ ਕਾਲ' ਰੂਪੀ ਅਕਾਲ ਪੁਰਖ ਗੁਰੂ ਗੋਬਿੰਦ ਸਿੰਘ ਜੀ ਦਾ ਇਸ਼ਟ ਹੈ ਜਿਸ ਨੇ ਸਭ ਨੂੰ ਸਮੇਂ ਨਾਲ ਚਬ ਲੈਣਾ ਹੈ, ਜੋ ਅਨੇਕ ਕੋਮਲ ਤੇ ਵਿਕ੍ਰਾਲ ਰੂਪ ਵਿੱਚ ਹਰ ਥਾਂ ਪਸਰ ਰਿਹਾ ਹੈ ਅਤੇ ਜੋ ਸੰਸਾਰ ਵਿੱਚ ਸੰਤਾਂ ਦਾ ਰਾਖਾ ਤੇ ਦੁਸ਼ਟਾਂ ਦਾ ਵੈਰੀ ਹੈ। ਜਿਵੇਂ ਅਸੀਂ ਪਹਿਲੇ ਵਿਚਾਰਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਆਦਰਸ਼ ਵਿੱਚ ਸੰਤ ਤੇ ਸਿਪਾਹੀ ਦੀ ਸੰਧੀ ਹੈ। ਇਸੇ ਕਰਕੇ ਉਨ੍ਹਾਂ ਨੇ ਪ੍ਰੇਮਾ ਭਗਤੀ ਦੇ ਜਿਸ ਰੂਪ ਨੂੰ ਦ੍ਰਿੜ੍ਹ ਕਰਾਉਣ ਦਾ ਉਪਰਾਲਾ ਕੀਤਾ ਹੈ, ਉਸ ਵਿੱਚ ਪਰਮਾਤਮਾ ਜਿੱਥੇ ਪ੍ਰੇਮ ਪੁੰਜ ਹੈ, ਉੱਥੇ ਸ਼ਸਤ੍ਰ ਰੂਪ ਵਿੱਚ ਸ਼ਸਤ੍ਰਧਾਰੀ ਹੈ, ਖੜਗਧਾਰੀ ਹੈ ਤੇ ਸਰਬ-ਲੋਹ ਹੈ। ਉਨ੍ਹਾਂ ਅਨੁਸਾਰ ਇਹ ਲੋਹ-ਸ਼ਸਤ੍ਰ ਹੀ ਪਰਮਾਤਮਾ ਹਨ, ਕਾਲ ਹਨ। ਇਸ ਤਰ੍ਹਾਂ ਉਨ੍ਹਾਂ ਇਸ ਬਾਣੀ ਵਿੱਚ ਅਕਾਲ ਪੁਰਖ ਦੀ ਅਨੇਕਤਾ ਤੇ ਸ਼ਕਤੀ ਵਿੱਚ ਪੂਰਨ ਵਿਸ਼ਵਾਸ਼ ਪ੍ਰਗਟ ਕਰਦਿਆਂ ਉਸ ਸਰਬ ਕਾਲ ਤੇ ਸਰਬ ਲੋਹ ਪਾਸੋਂ ਰਖਿਆ ਦੀ ਯਾਚਨਾ ਕੀਤੀ ਹੈ। ਅਕਾਲ ਪੁਰਖ ਨੂੰ ਸਰਬ ਲੋਹ ਸਰੂਪ ਵਿੱਚ ਦਰਸਾਉਣ ਦੀ ਯੁਕਤੀ ਨੂੰ ਐਸੇ ਕਾਰਗਰ ਮਨੋਵਿਗਿਆਨਕ ਢੰਗ ਨਾਲ ਵਰਤੋਂ ਵਿੱਚ ਲਿਆਉਂਦਾ ਗਿਆ ਹੈ ਕਿ ਇਸ ਨਾਲ ਬੀਰ ਰਸ ਹੁਲਾਰੇ ਵਿੱਚ ਆਉਂਦਾ ਹੈ।

ਗੁਰਬਾਣੀ ਵਿੱਚ ਵੀ ਅਕਾਲ ਪੁਰਖ ਦੇ ਪ੍ਰੇਮ ਸਰੂਪ ਤੇ ਸਰਬ ਲੋਹ ਸਰੂਪ ਦੀ ਸੰਧੀ ਕਰਦਿਆਂ ਅਕਾਲ ਪੁਰਖ ਨੂੰ 'ਸੰਖ ਚਕ੍ਰ ਗਦਾ ਹੈ ਧਾਰੀ॥ ਮਹਾਬਲੀ ਸਤਿਸੰਗਾ', 'ਬਨਵਾਲੀ ਚਕ੍ਰ ਪਾਣਿ ਦਰਸਿ ਅਨੂਪਿਆ' (ਮਾਰੂ ਸੋਲਹੇ ਮ. ੫, ਪੰਨਾ ੧੦੮੨) ਅਤੇ 'ਕਾਲ ਪੁਰਖ ਕਾ ਕਰਦੈ ਮਾਨ' (ਗੁ. ਗ੍ਰੰ. ਸਾਹਿਬ, ਪੰਨਾ ੧੧੫੯) 'ਕੰਟਕੁ ਕਾਲੁ ਏਕ ਹੈ ਹੋਰ ਕੰਟਕ ਨ ਸੂਝੈ' ਕਹਿ ਕੇ ਨਮੋ ਕੀਤੀ ਗਈ ਹੈ।

(ਙ) 'ਬੇਨਤੀ ਚੌਪਈ' ਵਿੱਚ ਦਸਿਆ ਹੈ ਕਿ ਸਾਰੀ ਸ੍ਰਿਸ਼ਟੀ ਤੇ ਲੋਕਾਈ ਪਰਮਾਤਮਾ ਦੇ ਹੁਕਮ ਵਿੱਚ ਚਲ ਰਹੀ ਹੈ ਤੇ ਕੋਈ ਮਨੁਖ ਉਸ ਦੇ ਹੁਕਮ ਨੂੰ ਬਦਲ ਨਹੀਂ ਸਕਦਾ। ਇਸ ਵਿਚਾਰ ਨੂੰ ਕਈ ਐਸੇ ਢੰਗ ਨਾਲ ਵਰਤਦੇ ਹਨ ਕਿ ਇਹ ਨਿਮੋਝੂਣਤਾ ਪੈਦਾ ਕਰਦਾ ਹੈ। ਹੁਕਮ ਦੇ ਸਿਧਾਂਤ ਨੂੰ ਆਮ ਤੌਰ ਤੇ ਰਜ਼ਾ ਦੇ ਸਿਧਾਂਤ ਦੇ ਅਰਥ ਦੇ ਕੇ ਕਿਹਾ ਜਾਂਦਾ ਹੈ ਕਿ ਜੋ ਕੁਝ ਹੁੰਦਾ ਹੈ, ਉਸ ਨੂੰ ਰੱਬ ਦਾ ਭਾਣਾ ਮੰਨ ਕੇ ਸਬਰ ਕਰ ਲਿਆ ਜਾਵੇ। ਇਸ ਸਿਧਾਂਤ ਦੀ ਇਸ ਤਰ੍ਹਾਂ ਦੀ ਵਿਆਖਿਆ ਦੇ ਪ੍ਰਭਾਵ ਹੇਠਾਂ ਹੀ ਲੋਕੀ ਸਮਾਜਿਕ ਤੇ ਰਾਜਸੀ ਅਨਿਆਂ ਨੂੰ ਚੁਪਚਾਪ ਬਰਦਾਸ਼ਤ ਕਰ ਰਹੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ 'ਹੁਕਮ' ਤੇ 'ਰਜ਼ਾ' ਦੇ ਦੋਵੇਂ ਸਿਧਾਂਤ ਮੰਨੇ ਹਨ, ਪਰ ਐਸੇ ਢੰਗ ਨਾਲ ਨਹੀਂ ਕਿ ਇਹ ਜਬਰ ਤੇ ਜ਼ੁਲਮ ਸਹਿਨ ਕਰਨ ਦੇ ਸਹਾਈ ਬਣ ਸਕਣ। ਅਕਾਲ ਪੁਰਖ ਜੋ ਚਾਹੇ ਕਰਦਾ ਹੈ, ਪਰ ਉਹ ਜੋ ਕਰਦਾ ਹੈ, ਨਿਆਂ ਤੇ ਹੱਕ-ਸੱਚ ਦੇ ਹੱਕ ਵਿੱਚ ਜਾਂਦਾ ਹੈ, ਇਨ੍ਹਾਂ ਦੇ ਵਿਰੁਧ ਨਹੀਂ। ਅਕਾਲ ਪੁਰਖ ਦੇ ਹੁਕਮ ਦੇ ਸੰਕਲਪ ਨਾਲ ਜੇ ਅਕਾਲ ਪੁਰਖ ਦੇ

ਨਿਆਂਕਾਰੀ ਹੋਣ ਦੇ ਵਿਚਾਰ ਨੂੰ ਜੋੜ ਲਿਆ ਜਾਏ ਤਾਂ 'ਹੁਕਮ' ਨਿੰਮੋਝੂਣਤਾ ਨਹੀਂ, ਚੜ੍ਹਦੀਆਂ ਕਲਾ ਪੈਦਾ ਕਰਦਾ ਹੈ। ਹੱਕ ਨਿਆਂ ਲਈ ਜੂਝਣ ਵਾਲੇ ਸਿੱਖਾਂ ਲਈ ਇਹ ਦੂਹਰਾ ਵਿਚਾਰ ਉਤਸ਼ਾਹ ਵਧਾਉਣ ਵਾਲਾ ਬਣ ਜਾਂਦਾ ਹੈ, ਇਸ ਬਿਨਾਂ ਚੜ੍ਹਦੀਆਂ ਕਲਾ ਤੇ ਆਸ਼ਾਵਾਦ ਦਾ ਮਾਹੌਲ ਨਹੀਂ ਉਸਰਦਾ। ਗੁਰੂ ਗੋਬਿੰਦ ਸਿੰਘ ਜੀ ਦੇ ਸੂਰਮਗਤੀ ਦੇ ਸੰਦੇਸ਼ ਦਾ ਭੇਦ ਇਸ ਵਿਸ਼ਵਾਸ਼ ਵਿਚ ਹੈ। ਜਿਸ ਜੁਝਾਰੂ ਸੂਰਬੀਰ ਨੂੰ ਵਿਸ਼ਵਾਸ਼ ਹੋ ਜਾਵੇ ਕਿ ਅੰਤਮ ਜਿੱਤ ਨੇਕੀ ਦੀ ਹੈ ਕਿਉਂਕਿ ਨਿਆਂ ਸ੍ਰਿਸ਼ਟੀ ਦਾ ਨਿਯਮ ਹੈ, ਤਾਂ ਉਹ ਅਨਿਆਂ ਦਾ ਸ਼ਿਕਾਰ ਹੋਕੇ ਨਾ ਨਿੰਮੋਝੂਣਤਾ ਵਿੱਚ ਵਸਦਾ ਹੈ, ਨਾ ਦੁਨੀਆਂ ਜਾਂ ਰੱਬ ਨੂੰ ਕੋਸਦਾ ਹੈ, ਨਾ ਸ੍ਵੈ ਗਿਲਾਨੀ ਦੇ ਭਾਵਾਂ ਵਿੱਚ ਗਰਕ ਹੁੰਦਾ ਹੈ। ਉਹ ਅਨਿਆਂ ਨਾਲ ਟਾਕਰੇ ਲਈ ਕਮਰਕਸਾ ਕਰਦਾ ਹੈ, ਭਾਵੇਂ ਹਾਲਾਤ ਕਿਤਨੇ ਹੀ ਹੌਂਸਲਾ ਢਾਹੁਣ ਵਾਲੇ ਨਜ਼ਰ ਆਉਂਦੇ ਹੋਣ। ਇਵੇਂ ਗੁਰੂ ਗੋਬਿੰਦ ਸਿੰਘ ਜੀ ਰੱਬੀ ਨਿਆਂ ਉਤੇ, ਰੱਬ ਦੇ ਦੁਸ਼ਟ ਦਮਨ ਗੁਣ ਉਤੇ ਅਤੇ ਉਸਦੇ ਸੰਤ ਸਹਾਈ ਬਿਰਦ ਉਤੇ ਭਰੋਸਾ ਕਾਇਮ ਕਰਕੇ ਆਪਣੇ ਅੰਦਰ ਬੇਓੜਕੀ ਸ਼ਕਤੀ ਲੈ ਆਉਂਦੇ ਹਨ ਅਤੇ ਇਸੇ ਨਿਸ਼ਚੇ ਦੀ ਸ਼ਕਤੀ ਆਪਣੇ ਸਿੱਖਾਂ ਅੰਦਰ ਸਿੰਚਣਾ ਲੋਚਦੇ ਹਨ।

(ਢ) ਅਰਦਾਸ ਵਿੱਚ ਕਰਾਮਾਤ ਹੈ। ਮਨੁਖਤਾ ਬਹੁਤ ਪੁਰਾਣੇ ਸਮੇਂ ਤੋਂ ਇਸ ਸਚਾਈ ਨੂੰ ਪਰਖਣ ਲਈ ਤਜਰਬੇ ਕਰਦੀ ਰਹੀ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਸਾਰਾ ਜੀਵਨ ਇਸ ਅਟਲ ਸਚਾਈ ਦੀ ਪ੍ਰੋੜ੍ਹਤਾ ਕਰਦਾ ਹੈ। ਉਨ੍ਹਾਂ ਨੇ 'ਬੇਨਤੀ ਚੌਪਈ' ਬਾਣੀ ਦੀ ਸਿਰਜਣਾ ਕਰ ਕੇ ਆਉਂਦੀਆਂ ਨਸਲਾਂ ਨੂੰ ਦੱਸ ਦਿਤਾ ਕਿ ਉਨ੍ਹਾਂ ਦੀ ਸ਼ਕਤੀ ਦਾ ਸੋਮਾ ਦੁਸ਼ਟ ਦਮਨ, ਖੜਗ ਕੇਤ, ਸ੍ਰੀ ਅਸਿਧੁਜ ਤੇ ਮਹਾਕਾਲ ਰੂਪੀ ਅਕਾਲ ਪੁਰਖ ਹੈ। ਉਹ ਉਸ ਅੱਗੇ ਪੂਰੀ ਨਿਮਰਤਾ, ਸੰਪੂਰਣ ਸਿਦਕ ਤੇ ਇਕਾਗਰ ਮਨ ਨਾਲ ਅਰਦਾਸ ਤੇ ਪ੍ਰਾਰਥਨਾ ਕਰਦੇ ਹਨ। ਇਵੇਂ ਅਰਦਾਸ ਵਿੱਚ ਪੂਰਨ ਨਿਸ਼ਚਾ ਤੇ ਵਿਸ਼ਵਾਸ਼ ਰਖਣ ਨਾਲ ਹੀ ਇਸ ਬਾਣੀ ਦੇ ਭੇਤ ਨੂੰ ਸਮਝਿਆ ਜਾ ਸਕਦਾ ਹੈ। ਇਸੇ ਕਰਕੇ ਇਸ ਬਾਣੀ ਦਾ ਪਾਠ ਕਰਦਿਆਂ ਹੁਣ ਤੱਕ ਅਨੇਕਾਂ ਸਿੱਖ ਅਰਦਾਸ ਤੇ ਪ੍ਰਾਰਥਨਾ ਵਿੱਚ ਆਪਣਾ ਵਿਸ਼ਵਾਸ਼ ਡੂੰਘਾ ਕਰਕੇ ਚੜ੍ਹਦੀਆਂ ਕਲਾ ਵਾਲਾ ਜੀਵਨ ਜੀਉਣ ਦੇ ਕਾਬਲ ਬਣੇ ਹਨ।

ਗੁਰੂ ਗੋਬਿੰਦ ਸਿੰਘ ਜੀ ਦਾ ਅਰਦਾਸ ਵਿੱਚ ਵਿਸ਼ਵਾਸ ਗੁਰੂ ਨਾਨਕ ਦੇਵ ਜੀ ਦੇ ਚਲਾਏ ਸਿੱਖ ਧਰਮ ਦਾ ਹੀ ਇਕ ਜ਼ਰੂਰੀ ਅੰਗ ਹੈ। ਗੁਰੂ ਨਾਨਕ ਦੇਵ ਜੀ ਨੇ 'ਜਪੁ' ਜੀ ਵਿੱਚ 'ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ' ਲਿਖ ਕੇ ਅਰਦਾਸ ਦੀ ਸਾਰਥਕਤਾ ਦਾ ਸਿਧਾਂਤ ਦ੍ਰਿੜ੍ਹ ਕਰਾਇਆ। ਉਨ੍ਹਾਂ ਨਾਲ ਹੀ 'ਦੇਂਦਾ ਦੇ ਲੈਂਦੇ ਥਕਿ ਪਾਹਿ' ਤੇ 'ਵਡਾ ਦਾਤਾ ਤਿਲ ਨ ਤਮਾਇ' ਤੁਕਾਂ ਰਾਹੀਂ ਇਹ ਪ੍ਰੇਰਨਾ ਦਿੱਤੀ ਕਿ ਹਰ ਸੰਕਟ ਅਤੇ ਲੋੜ ਸਮੇਂ ਨਿਰੰਕਾਰ ਦੀ ਸ਼ਰਨ ਲੈਣ ਨਾਲ ਸਭ

ਕਾਰਜ ਰਾਸ ਹੋ ਜਾਂਦੇ ਹਨ। ਗੁਰਬਾਣੀ ਵਿੱਚ ਵੀ ਕਈ ਥਾਈਂ ਹਰ ਸੰਕਟ ਤੇ ਦੁਖ ਦੇ ਨਿਵਾਰਨ ਲਈ ਪ੍ਰਭੂ ਦੀ ਟੇਕ ਰਖਦਿਆਂ ਅਰਦਾਸ ਅਤੇ ਜੋਦੜੀ ਉਤੇ ਬਲ ਦਿੱਤਾ ਹੈ :

੧) ਤੂੰ ਮੇਰਾ ਨਵ ਨਿਧਿ ਤੂੰ ਭੰਡਾਰੁ ॥
ਰੰਗ ਰਸਾ ਤੂੰ ਮਨਹਿ ਅਧਾਰੁ ॥
ਤੂੰ ਮੇਰੀ ਸੋਭਾ ਤੁਮ ਸੰਗਿ ਰਚੀਆ ॥
ਤੂੰ ਮੇਰੀ ਓਟ ਤੂੰ ਹੈ ਮੇਰਾ ਤਕੀਆ ॥
ਮਨ ਤਨ ਅੰਤਰਿ ਤੁਹੀ ਧਿਆਇਆ ॥
ਮਰਮੁ ਤੁਮਾਰਾ ਗੁਰ ਤੇ ਪਾਇਆ ॥
ਸਤਿਗੁਰ ਤੇ ਦ੍ਰਿੜਿਆ ਇਕੁ ਏਕੈ ॥
ਨਾਨਕ ਦਾਸ ਹਰਿ ਹਰਿ ਹਰਿ ਟੇਕੈ ॥

(ਗਉੜੀ ਮ. ੫, ਪੰਨਾ ੧੮੧)

੨) ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ ਰੀਤਿ ॥੧॥ ਰਹਾਉ॥
ਚਰਣ ਤਲੈ ਉਗਾਹਿ ਬੈਸਿਓ ਸ੍ਰਮੁ ਨ ਰਹਿਓ ਸਰੀਰਿ ॥
ਮਹਾ ਸਾਗਰੁ ਨਹ ਵਿਆਪੈ ਖਿਨਹਿ ਉਤਰਿਓ ਤੀਰਿ ॥੨॥

(ਮਾਰੂ ਮ. ੫, ਪੰਨਾ ੧੦੧੭)

੩) ਤੂੰ ਮੇਰਾ ਕਰਤਾ ਹਉ ਸੇਵਕੁ ਤੇਰਾ ॥
ਸਰਣਿ ਗਹੀ ਪ੍ਰਭ ਗੁਨੀ ਗਹੇਰਾ ॥ ਰਹਾਉ ॥
ਤੂ ਮੇਰਾ ਜੀਵਨੁ ਤੂ ਆਧਾਰੁ ॥ ਤੁਝਹਿ ਪੇਖਿ ਬਿਗਸੈ ਕਉਲਾਰੁ ॥
ਤੂ ਮੇਰੀ ਗਤਿ ਪਤਿ ਤੂ ਪਰਵਾਨੁ ॥ ਤੂ ਸਮਰਥੁ ਮੈ ਤੇਰਾ ਤਾਣੁ ॥
ਅਨਦਿਨੁ ਜਪਉ ਨਾਮ ਗੁਣਤਾਸਿ ॥ ਨਾਨਕ ਕੀ ਪ੍ਰਭ ਪਹਿ ਅਰਦਾਸਿ ॥

(ਆਸਾ ਮ. ੫,ਪੰਨਾ ੩੮੯)

ਗੁਰੂ ਗੋਬਿੰਦ ਸਿੰਘ ਜੀ ਨੇ 'ਬੇਨਤੀ ਚੌਪਈ' ਵਿਚ ਪ੍ਰੇਰਨਾ ਦਿੱਤੀ ਹੈ ਕਿ ਸੰਕਟ ਤੇ ਦੁਖ ਦੇ ਸਮੇਂ ਰੱਬ ਦੀ ਸ਼ਰਨ ਲੈਣ ਨਾਲ ਸੰਕਟ ਹਰ ਜਾਂਦੇ ਹਨ। ਗੁਰਬਾਣੀ ਤੇ 'ਬੇਨਤੀ ਚੌਪਈ' ਵਿੱਚ ਰੱਬ ਦਾ ਬੁਨਿਆਦੀ ਸੰਕਲਪ ਇਕੋ ਹੈ। ਦੋਹਾਂ ਵਿੱਚ ਪਰਮਾਤਮਾ ਦੀ ਰਚਨਾਤਮਿਕ ਸ਼ਕਤੀ ਦੀ ਬੇਅੰਤਤਾ,ਅਰਥਨੀਅਤਾ ਤੇ ਸਰਬ-ਵਿਆਪਕਤਾ ਦੀ ਹਾਮੀ ਭਰੀ ਗਈ ਹੈ।

ਗੁਰਬਾਣੀ ਤੇ 'ਬੇਨਤੀ ਚੌਪਈ' ਦੋਵੇਂ ਅਰਦਾਸ ਤੇ ਪ੍ਰਾਰਥਨਾ ਵਿੱਚ ਵਿਸ਼ਵਾਸ਼ ਜਗਾਉਂਦੀਆਂ ਹਨ। ਇਨ੍ਹਾਂ ਵਿੱਚ ਫ਼ਰਕ ਕੇਵਲ ਇਤਿਹਾਸਿਕ ਸਥਿਤੀ ਦਾ ਹੈ। ਪ੍ਰੋ. ਰਾਮ ਸਿੰਘ ਜੀ ਨੇ ਢੁਕਵਾਂ ਨਿਰਣਾ ਦਿੱਤਾ ਹੈ ਕਿ ਗੁਰੂ ਨਾਨਕ ਦੇਵ

ਜੀ ਤੇ ਹੋਰ ਗੁਰੂ ਸਾਹਿਬਾਨ ਨਾਲੋਂ ਗੁਰੂ ਗੋਬਿੰਦ ਸਿੰਘ ਜੀ ਦਾ ਸਮਾਂ ਰਾਜਸੀ ਸੰਕਟ ਵਿੱਚ ਵਧੇਰੇ ਗ੍ਰਸਤ ਸੀ। ਅਕਾਲ ਪੁਰਖ ਬੇਅੰਤ ਹੈ ਅਤੇ ਅਨੇਕ ਗੁਣਾਂ ਦਾ ਭੰਡਾਰ ਹੈ। ਮਹਾਂਪੁਰਖ ਆਪੋ ਆਪਣੇ ਸਮੇਂ ਦੀ ਲੋੜ ਅਨੁਸਾਰ ਉਸ ਦੇ ਇਕ ਜਾਂ ਦੂਜੇ ਗੁਣ ਨੂੰ ਉਘਾੜ ਕੇ ਇਤਿਹਾਸਿਕ ਸਮੱਸਿਆ ਦਾ ਹਲ ਕਰ ਲੈਂਦੇ ਹਨ। ਗੁਰੂ ਦਸ਼ਮੇਸ਼ ਜੀ ਦੀ ਬਹੁਤੀ ਬਾਣੀ ਬੀਰ ਰਸੀ ਹੈ। ਪਰ 'ਬੇਨਤੀ ਚੌਪਈ' ਦੀ ਵਚਿਤ੍ਰਤਾ ਇਸ ਵਿੱਚ ਹੈ ਕਿ ਚਾਹੇ ਇਸ ਵਿੱਚ ਜੰਗੀ ਪ੍ਰਕਰਣ ਜ਼ਰੂਰ ਹੈ, ਪਰ ਨਾ ਇਹ ਸਿਧੇ ਤੌਰ ਤੇ ਜੁਧ ਨਾਲ ਸੰਬੰਧਿਤ ਹੈ ਕਿਉਂਕਿ ਇਸ ਵਿੱਚ ਕਿਸੇ ਜੁਧ ਦੀ ਕਥਾ ਨਹੀਂ ਤੇ ਨਾ ਹੀ ਇਸ ਵਿਚੋਂ ਬੀਰ ਰਸ ਟਪਕਦਾ ਹੈ। ਇਸ ਦਾ ਸਿਧਾ ਸੰਬੰਧ ਅਕਾਲ ਪੁਰਖ ਦੀ ਉਸਤਤ ਅਤੇ ਉਸ ਅੱਗੇ ਅਰਦਾਸ ਕਰਨ ਨਾਲ ਹੋਣ ਕਰਕੇ ਇਸ ਦਾ ਪ੍ਰਧਾਨ ਰਸ ਸ਼ਾਂਤ ਰਸ ਹੈ। ਇਸ ਪਖੋਂ ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁਚੀ ਬਾਣੀ ਨਾਲ ਮੇਲ ਖਾਂਦੀ ਹੈ। ਪਰ ਇਸ ਦੀ ਅਰਦਾਸ ਦਾ ਸੰਬੰਧ ਜੁਧ ਨਾਲ ਹੋਣ ਕਰਕੇ ਗੁਰਬਾਣੀ ਤੋਂ ਇਸ ਦੀ ਵਖਰੀ ਟੁਣਕਾਰ ਵੀ ਸਾਫ਼ ਸੁਣਾਈ ਦਿੰਦੀ ਹੈ। ਇਹ ਬਾਣੀ ਗੁਰੂ ਗੋਬਿੰਦ ਸਿੰਘ ਜੀ ਦੇ ਸੰਤ ਸਿਪਾਹੀ ਦੇ ਮਿਸ਼ਨ ਦੀ ਪੂਰੀ ਤਰ੍ਹਾਂ ਪ੍ਰਤਿਨਿਧਤਾ ਕਰਦੀ ਹੈ। ਰਣਭੂਮੀ ਵਿੱਚ ਸ਼ੇਰ ਦੀ ਤਰ੍ਹਾਂ ਭਬਕਾਂ ਮਾਰਨ ਤੇ ਪਹਾੜ ਦੀ ਤਰ੍ਹਾਂ ਅਹਿਲ ਹੋ ਕੇ ਜੂਝਣ ਵਾਲੀ ਗੁਰੂ ਦਸ਼ਮੇਸ਼ ਜੀ ਦੀ ਜੋਧਾ ਹਸਤੀ ਇਸ ਬਾਣੀ ਵਿੱਚ ਅਕਾਲ ਪੁਰਖ ਅੱਗੇ ਸਹਾਇਤਾ ਲਈ ਅਰਜੋਈਆਂ ਕਰਦੀ ਹੈ। ਵੱਡੇ ਤੋਂ ਵੱਡੇ ਸ਼ਕਤੀਸ਼ਾਲੀ ਸਾਮਰਾਜ ਨਾਲ ਟੱਕਰ ਲੈਣ ਦੀ ਜੁਰਅਤ ਕਰ ਸਕਣ ਵਾਲੀ ਤੇ ਫ਼ੌਲਾਦੀ ਆਚਰਣ ਵਾਲੀ ਮਹਾਨ ਸ਼ਖ਼ਸੀਅਤ ਆਪਣੇ ਇਸ਼ਟ ਅੱਗੇ ਨਿਮਾਣਾ ਤੇ ਨਿਤਾਣਾ ਬਣ ਕੇ ਸ਼ਕਤੀ ਵਾਸਤੇ ਜੋਦੜੀਆਂ ਕਰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਨਾਲ ਬਾਜਾਂ ਵਾਲਾ, ਨੀਲੇ ਵਾਲਾ, ਦੁਸ਼ਟ ਦਮਨ, ਸਰਬੰਸ ਦਾਨੀ, ਕਲਗੀਆਂ ਵਾਲਾ ਵਰਗੇ ਵਿਸ਼ੇਸ਼ਣ ਜੋੜਨ ਵਾਲੇ ਸ਼ਰਧਾਲੂ ਸਿੱਖ ਸੇਵਕ ਜਦ ਇਸ ਬਾਣੀ ਦਾ ਪਾਠ ਕਰਦੇ ਹਨ ਤਾਂ ਉਨ੍ਹਾਂ ਨੂੰ ਹੈਰਾਨੀ ਹੁੰਦੀ ਹੈ ਕਿ ਹਰ ਵਕਤ ਬਿਜਲੀ ਵਰਗੇ ਤੇਜ ਨਾਲ ਭਰਪੂਰ ਰਹਿਣ ਵਾਲੀ ਹਸਤੀ ਕਿਸ ਤਰ੍ਹਾਂ ਕਦੇ-ਕਦੇ ਸ਼ਾਂਤੀ, ਨਿੰਮ੍ਰਤਾ, ਆਜਜ਼ੀ ਤੇ ਅਧੀਰਤਾ ਦੀ ਪੁੰਜ ਬਣ ਸਕਦੀ ਹੈ। ਇਸ ਮਹਾਨ ਸੰਤ-ਸਿਪਾਹੀ ਦਾ ਦੂਹਰਾ ਆਚਰਣ ਕੁਦਰਤ ਦਾ ਇਕ ਬਚਿਤ੍ਰ ਕੌਤਕ ਸੀ, ਜਿਸਨੂੰ ਸਦੀਆਂ ਯਾਦ ਕਰਕੇ ਅਸਚਰਜ ਹੁੰਦੀਆਂ ਰਹਿਣਗੀਆਂ। ਇਹ ਬਾਣੀ ਪੂਰੀ ਤਰ੍ਹਾਂ ਉਸ ਅਲੌਕਿਕ ਸ਼ਖ਼ਸੀਅਤ ਦਾ ਪ੍ਰਤਿਨਿਧਿਤਵ ਕਰਦੀ ਸਦਾ ਅਕਾਲ ਪੁਰਖ ਦੀ ਓਟ ਵਿੱਚ ਰਹਿੰਦਿਆਂ ਅਰਦਾਸ ਦੇ ਸਹਾਰੇ ਚੜ੍ਹਦੀ ਕਲਾ ਤੇ ਉਤਸ਼ਾਹ ਵਿੱਚ ਰਹਿਣ ਵਾਲੇ ਜੀਵਨ ਦਾ ਸਬਕ ਸਿਖਾਉਂਦੀ ਰਹੇਗੀ।

ਅੰਤਿਕਾ : 'ਬੇਨਤੀ ਚੌਪਈ' ਕੇਵਲ 'ਪ੍ਰਸਾਦਿ' ਹੈ, ਨਿਰੋਲ ਸੁਗਿਆਨ, ਨਿਰੋਲ ਸ਼ਬਦ ਜੋ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੂੰ ਪ੍ਰਗਟਿਆ ਤਿਵੇਂ ਆਪ ਨੇ ਉਸ ਦਾ

ਪ੍ਰਤਿਬਿੰਬ ਗ੍ਰਹਿਣ ਕਰਕੇ ਅੱਗੇ ਪ੍ਰਤਿਬਿੰਬਤ ਕਰ ਦਿੱਤਾ। ਇਹ ਅਰਦਾਸ ਕਿਸੇ ਉੱਚੇ ਗਗਨਾ ਤੇ ਸੂਖਮ ਮੰਡਲ ਦੀ ਜੋਦੜੀ ਹੈ, ਜਿਥੇ ਸ਼ਬਦ ਘਾੜਤ, ਸ਼ਬਦ ਬੀੜਨ ਦਾ ਕਮਾਲ ਹੈ, ਧੁਨੀ ਤੇ ਰਾਗ ਆਪਣੇ ਆਪ ਬਣਦੇ ਤੇ ਪਸਰਦੇ ਜਾ ਰਹੇ ਹਨ। ਸਾਰੀ 'ਬੇਨਤੀ ਚੌਪਈ' ਇਕੋ ਸਮਾਧੀ ਪ੍ਰਕਾਸ਼ ਦਾ ਚਰਬਾ ਹੈ, ਇਕ ਅਟੁਟ ਲੜੀ ਹੈ, ਨਾ ਕਿ ਟੁਕੜੇ-ਟੁਕੜੇ ਚੁਕ-ਚੁਕ ਕੇ ਜੋੜੀ ਕੋਈ ਰਚਨਾ ਹੈ। ਇਸ ਬਾਣੀ ਦੀ ਕਲਾ ਨੂੰ ਉਸ ਦੀ ਸਮੂਹਕਤਾ ਵਿੱਚ ਮਾਣਨਾ ਹੀ ਉਚਿਤ ਹੈ। ਇਹ ਬਾਣੀ ਅਕਾਲ ਪੁਰਖ ਦੀ ਅਨਿਨ ਉਸਤਤੀ ਦਾ ਵਿਸਮਾਦੀ ਵਹਿਣ ਹੈ। ਇਸ ਬਾਣੀ ਵਿੱਚ 'ਓਜ' 'ਤੇਜ' ਤੇ 'ਜ਼ੋਰ' ਹੈ।

ਇਸ ਬਾਣੀ ਦੇ ਬਲ ਦਾ ਕਾਰਨ ਗੁਰੂ ਗੋਬਿੰਦ ਸਿੰਘ ਜੀ ਦੀ ਅਨੁਭਵ ਵਿਸ਼ਾਲਤਾ ਹੈ, ਪ੍ਰਭੂ ਪ੍ਰੀਤ ਹੈ, ਪ੍ਰਭੂ ਉਸਤਤ ਤੇ ਅਰਦਾਸ ਹੈ। ਇਸ ਬਾਣੀ ਦੇ ਸੰਦੇਸ਼ ਤੇ ਰਸ-ਵਹਿਣ ਦਾ ਆਧਾਰ ਗੁਰੂ ਗੋਬਿੰਦ ਸਿੰਘ ਜੀ ਦੇ ਇਲਾਹੀ ਮਿਸ਼ਨ ਦੇ ਤੱਤ ਹਨ ਤੇ ਅੰਦਰਲਾ ਤੇਜ ਤੇ ਬਲ ਹਨ। ਉਨ੍ਹਾਂ ਵਾਸਤੇ ਅਕਾਲ ਪੁਰਖ ਮਧੁਰ ਸਰੂਪ ਹੈ, ਪਰ ਦੁਸ਼ਟਤਾ ਤੇ ਪਾਪ ਦੇ ਨਾਸ ਕਰਨ ਲਈ 'ਅਸਿਕੇਤ' ਤੇ 'ਖੜਗ ਕੇਤ' ਹੋ ਕੇ ਸ਼ਸਤ੍ਰ ਰੂਪ ਹੈ। ਉਨ੍ਹਾਂ ਦਾ ਇਕ ਅਕਾਲ ਪੁਰਖ ਦਾ ਦ੍ਰਿੜ੍ਹ ਵਿਸ਼ਵਾਸ਼ ਹੀ ਬਲ ਪੈਦਾ ਕਰਨ ਵਾਲਾ ਹੈ, ਸ਼ੰਕਾ ਸਦਾ ਕਮਜ਼ੋਰੀ ਪੈਦਾ ਕਰਦਾ ਹੈ। ਇਹ ਬਾਣੀ ਭਾਵੇਂ ਆਕਾਰ ਵਿੱਚ ਬਹੁਤ ਵੱਡੀ ਨਹੀਂ, ਪਰ ਇਸ ਦਾ ਪ੍ਰਭਾਵ ਵਿਸ਼ਾਲ ਤੋਂ ਵਿਸ਼ਾਲ ਹੈ। ਇਸ ਬਾਣੀ ਦਾ ਅਨੋਖਾ ਬਲ ਇਸ ਦੇ ਵਿਸਮਾਦ ਪੈਦਾ ਕਰਨ ਦੀ ਸਮੱਰਥਾ ਵਿੱਚ ਹੈ। ਇਸ ਬਾਣੀ ਵਿੱਚ ਸਰਬ ਉੱਤਮ ਉਦੇਸ਼ਾਂ ਤੇ ਆਦਰਸ਼ਾਂ ਦੀ ਸੂਚਨਾ ਇਸ ਬਾਣੀ ਦਾ ਪਾਠ ਕਰਨ ਵਾਲੇ ਨੂੰ ਬਲ ਦਿੰਦੀ ਹੈ, ਉਤਸ਼ਾਹ ਦਿੰਦੀ ਹੈ ਤੇ ਨਵਾਂ ਸਾਹਸ ਬਖ਼ਸ਼ਦੀ ਹੈ। ਇਹ ਬਾਣੀ ਸੰਤ-ਸਿਪਾਹੀ ਦੇ ਗੁਣਾਂ ਨੂੰ ਦ੍ਰਿੜ੍ਹ ਕਰਾਉਣ ਵਾਲੀ ਹੈ।

ਇਸ ਲਈ 'ਬੇਨਤੀ ਚੌਪਈ' ਦਾ ਪਾਠ ਹਰੇਕ ਗੁਰਸਿੱਖ ਨੂੰ ਜਿੰਨਾਂ ਵੀ ਹੋਵੇ ਕਰਦੇ ਰਹਿਣਾ ਚਾਹੀਦਾ ਹੈ। ਇਹ ਅਰਦਾਸ ਰੂਪ ਪਾਠ ਹੈ। ਬਾਹਰ ਤੁਰਦੇ ਫਿਰਦੇ, ਸਫ਼ਰ ਕਰਦੇ ਇਹ ਪਾਠ ਕਰਦੇ ਰਹੀਏ, ਗੁਰੂ ਅੰਗ-ਸੰਗ ਰਹਿਣਗੇ ਤੇ ਚੜ੍ਹਦੀਆਂ ਕਲਾ ਬਖ਼ਸ਼ਣਗੇ।

ਦਸ਼ਮੇਸ਼ ਪ੍ਰਚਾਰ ਸਭਾ, ਸਹਾਰਨਪੁਰ
ਵੱਲੋਂ ਪ੍ਰਕਾਸ਼ਿਤ ਭੇਟਾਵਾਂ :

੧) ਜਾਪੁ ਸਾਹਿਬ : ੳ) ਚੋਣਵਾ ਪਾਠ ਤੇ ਵਿਆਖਿਆ ਅ) ਵਿਚਾਰ ਦਰਸ਼ਨ	ਡਾ. ਗੁਰਚਰਨ ਸਿੰਘ ਮਹਿਤਾ	ਭੇਟਾ ਰਹਿਤ
੨) ਸਵੱਯੇ ॥ ਪਾ.੧੦॥ ਭਾਗ ਪਹਿਲਾ : ਮੂਲ ਪਾਠ ਤੇ ਵਿਆਖਿਆ ਭਾਗ ਦੂਜਾ : ਵਿਚਾਰ ਦਰਸ਼ਨ	ਡਾ. ਗੁਰਚਰਨ ਸਿੰਘ ਮਹਿਤਾ	ਭੇਟਾ ਰਹਿਤ
੩) ਸ਼ਹੀਦਾਂ ਦੇ ਸਿਰਤਾਜ : ਗੁਰੂ ਅਰਜਨ ਦੇਵ ਜੀ (ਪੰਜਾਬੀ)	ਡਾ. ਜਗਜੀਤ ਕੌਰ ਸਾਲਵਾਨ	ਭੇਟਾ ਰਹਿਤ
੪) ਸ਼ਹੀਦ ਸ਼ਿਰੋਮਣੀ : ਗੁਰੂ ਅਰਜਨ ਦੇਵ ਜੀ (ਹਿੰਦੀ)	ਡਾ. ਜਗਜੀਤ ਕੌਰ ਸਾਲਵਾਨ	ਭੇਟਾ ਰਹਿਤ
੫) ਅਕਾਲ ਉਸਤਤਿ : ੳ) ਚੋਣਵਾ ਪਾਠ ਤੇ ਵਿਆਖਿਆ ਅ) ਵਿਚਾਰ ਦਰਸ਼ਨ	ਡਾ. ਗੁਰਚਰਨ ਸਿੰਘ ਮਹਿਤਾ	ਭੇਟਾ ਰਹਿਤ
੬) ਸਹਾਰਨਪੁਰ ਸਿੱਖ ਡਾਇਰੈਕਟਰੀ-੨੦੦੩	ਸੰਪਾ:ਦਸ਼ਮੇਸ਼ ਪ੍ਰਚਾਰ ਸਭਾ, ਸਹਾਰਨਪੁਰ	ਭੇਟਾ ਰਹਿਤ
੭) ਗੁਰਬਾਣੀ ਸ਼ੁੱਧ ਪਾਠ ਨਿਯਮਾਵਲੀ	ਸ. ਹਰਦਰਸ਼ਨ ਸਿੰਘ ਜੀ ਭਾਈ ਰਣਧੀਰ ਸਿੰਘ ਜੀ, ਲੁਧਿਆਣਾ	ਭੇਟਾ ਰਹਿਤ
੮) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ : ਇਕ ਅਦੁੱਤੀ ਧਰਮ ਗ੍ਰੰਥ (ਪਰਿਚਯ, ਸੰਦੇਸ਼ ਤੇ ਜੀਵਨ ਸਿਖਿਆ ਅਤੇ ਸਦੀਵੀ ਪ੍ਰਾਸੰਗਿਕਤਾ)	ਡਾ. ਗੁਰਚਰਨ ਸਿੰਘ ਮਹਿਤਾ	ਭੇਟਾ ਰਹਿਤ